ੴ ਵਾਹਿਗੁਰੂ ਜੀ ਕੀ ਫ਼ਤਹ॥

# ਖ਼ਾਲਸਾ ਅਖ਼ਬਾਰ

ਭਾਦੋਂ-ਅੱਸੂ, ਸੰਮਤ ਨਾਨਕਸ਼ਾਹੀ ੫੫੮ ਸਤੰਬਰ 2026 ਅੰਕ 3

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਕ



www.khalsaakhbaar.com

Fore More Information
Scan linktree QR Code

# ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ



ਮੁੱਖ ਸੰਪਾਦਕ
**ਗਿਆਨੀ ਗੁਰਜੀਤ ਸਿੰਘ ਪਟਿਆਲਾ**

ਸੰਪਾਦਕ
**ਗੁਰਪ੍ਰੀਤ ਸਿੰਘ**

ਉਪ ਸੰਪਾਦਕ
**ਮੇਜਰ ਸਿੰਘ**

ਸੰਪਾਦਕ (ਅੰਗਰੇਜ਼ੀ ਸੈਕਸ਼ਨ)
**ਮਨਪ੍ਰੀਤ ਕੌਰ**

*Published by*
**TAKHAT TAJ LTD**
Company number 16282266

Our UK Bank Account Details:
Account Holder Name: TAKHAT TAJ LTD
Account Number: 50101915
Sort Code: 20-08-64

# ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਅੰਗ ੭੮੩)

## ਤਤਕਰਾ


| | | |
|---|---|---|
| ◆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | –ਗੁਰਪ੍ਰੀਤ ਸਿੰਘ | ੩ |
| ◆ ਅਸੁਨਿ... | –ਗਿਆਨੀ ਗੁਰਜੀਤ ਸਿੰਘ ਪਟਿਆਲਾ | ੫ |
| ◆ ਸ੍ਰੀ ਗੁਰੂ ਗ੍ਰੰਥ ਸਾਹਿਬ: ਆਧੁਨਿਕ ਮਸਲਿਆਂ ਦਾ ਸਮਾਧਾਨ | –ਡਾ. ਬਲਵੰਤ ਸਿੰਘ ਢਿੱਲੋਂ | ੭ |
| ◆ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵਿਸ਼ਵੀਕਰਣ | –ਡਾ. ਦਰਸ਼ਨ ਸਿੰਘ | ੧੨ |
| ◆ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਅਤੇ ਵਿਲੱਖਣਤਾ | –ਡਾ. ਸੂਬਾ ਸਿੰਘ | ੧੮ |
| ◆ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | –ਡਾ. ਪਰਮਜੀਤ ਸਿੰਘ 'ਮਾਨਸਾ' | ੨੬ |
| ◆ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ | –ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ | ੨੯ |
| ◆ ਸ੍ਰੀ ਗੁਰੂ ਰਾਮਦਾਸ ਜੀ | –ਪ੍ਰੋ. ਕਰਤਾਰ ਸਿੰਘ ਐਮ.ਏ. | ੩੨ |
| ◆ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਨੂੰ ਦੇਣ | –ਡਾ. ਗੁਰਚਰਨ ਸਿੰਘ | ੩੫ |
| ◆ ਬਾਬਾ ਬੁੱਢਾ ਜੀ | –ਸ. ਕਿਰਪਾਲ ਸਿੰਘ | ੪੦ |
| ◆ ਭਾਈ ਘਨੱਈਆ ਜੀ | –ਪ੍ਰਿ. ਤੇਜਾ ਸਿੰਘ | ੪੨ |
| ◆ ਕੌਮ ਦਾ ਜੀਵਨ | –ਗਿਆਨੀ ਦਿੱਤ ਸਿੰਘ | ੪੪ |
| ◆ ਗਿਆਨੀ ਦਿੱਤ ਸਿੰਘ ਜੀ | –ਡਾ. ਗੁਰਪ੍ਰੀਤ ਸਿੰਘ | ੪੫ |
| ◆ ਸਿੱਖੀ ਵਿਰਸੇ ਨਾਮ ਜੁੜਨ ਦੀ ਲੋੜ | –ਸ. ਅੰਮ੍ਰਿਤਪਾਲ ਸਿੰਘ ਖੱਬੇ ਰਾਜਪੂਤਾਂ | ੪੬ |
| ◆ ਦਾਤਾ ਤੋਂ ਦਾਤਾ ਮੰਗੀਏ ਦਾਤਾਂ ਨਹੀਂ | –ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ | ੪੯ |
| ◆ ਕਾਜ਼ੀ ਨੂਰਦੀਨ ਦੇ ਸਿੱਖਾਂ ਪ੍ਰਤੀ ਮਨੋਭਾਵ | –ਡਾ. ਅਮਰਜੀਤ ਕੌਰ ਇੱਬਣ ਕਲਾਂ | ੫੧ |
| ◆ ਗੁਰਮਤਿ ਰਹਿਣੀ ਦਾ ਹਿੱਸਾ: ਨਿਤਨੇਮ | –ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ | ੫੪ |

ਸੰਪਾਦਕੀ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼

ਦੁਨੀਆਂ ਦੇ ਹਰੇਕ ਧਰਮ ਦੇ ਧਰਮ ਗ੍ਰੰਥ ਦਾ ਆਪਣਾ-ਆਪਣਾ ਸਨਮਾਨਯੋਗ ਸਥਾਨ ਅਤੇ ਮਹੱਤਵ ਹੈ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਇਸ ਲਈ ਸਰਵੋਤਮ ਅਤੇ ਮਹਾਨ ਹੈ ਕਿਉਂਕਿ ਦੁਨੀਆਂ ਦੇ ਕਿਸੇ ਵੀ ਧਾਰਮਿਕ ਗ੍ਰੰਥ ਨੂੰ 'ਗੁਰੂ' ਦਾ ਦਰਜਾ ਜਾਂ ਪਦਵੀ ਹਾਸਲ ਨਹੀਂ। ਇਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਜਿਨ੍ਹਾਂ ਨੂੰ ਪਰਤੱਖ 'ਗੁਰੂ' ਹੋਣ ਦਾ ਸਥਾਨ ਪ੍ਰਾਪਤ ਹੈ। ਸਿੱਖ ਧਰਮ ਦੇ ਇਸ ਪਾਵਨ ਗ੍ਰੰਥ ਦੀ ਇਕ ਹੋਰ ਵੱਡੀ ਮਹਾਨਤਾ ਇਹ ਹੈ ਕਿ ਇਹ ਸਮੁੱਚੀ ਮਨੁੱਖਤਾ ਨੂੰ ਅਗਵਾਈ ਪ੍ਰਦਾਨ ਕਰਦੇ ਹਨ।

ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਇਤਿਹਾਸ ਵੱਲ ਸੰਖੇਪ ਵਿਚ ਝਾਤੀ ਮਾਰੀ ਜਾਵੇ ਤਾਂ ਇਹ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਅਜਿਹੇ ਧਰਮ ਗ੍ਰੰਥ ਹਨ ਜਿਨ੍ਹਾਂ ਦਾ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਆਪਣੀ ਨਿੱਜ ਦੇਖ-ਰੇਖ ਵਿਚ ਪਾਵਨ ਤੇ ਕੁਦਰਤੀ ਬਖ਼ਸ਼ਿਸ਼ਾਂ ਨਾਲ ਰਮਣੀਕ ਸ੍ਰੀ ਰਾਮਸਰ, ਸ੍ਰੀ ਅੰਮ੍ਰਿਤਸਰ ਦੇ ਸਥਾਨ 'ਤੇ ਬਿਰਾਜਮਾਨ ਹੋ ਕੇ ਆਪਣੀ ਨਿਗਰਾਨੀ ਹੇਠ ਸੰਪਾਦਨ ਕੀਤਾ।

ਪੰਚਮ ਪਾਤਸ਼ਾਹ ਨੇ ਇਸ ਮਹਾਨ ਪਾਵਨ ਗ੍ਰੰਥ ਦੀ ਦੀ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਕੋਲੋਂ ਕਰਵਾਈ। ਸੰਪਾਦਨਾ ਦਾ ਇਹ ਕਾਰਜ ਸੰਮਤ ੧੬੬੧ (ਸੰਨ ੧੬੦੪ ਈ.) ਵਿਚ ਮੁਕੰਮਲ ਹੋਇਆ। ਇਸ ਕਾਰਜ ਦੇ ਮੁਕੰਮਲ ਹੋਣ ਤੋਂ ਬਾਅਦ ਇਸ ਪਾਵਨ ਗ੍ਰੰਥ ਦੀ ਜਿਲਦਬੰਦੀ ਕਰਵਾਉਣ ਲਈ ਭਾਈ ਬੰਨੋ ਜੀ ਰਾਹੀਂ ਇਸ ਪਵਿੱਤਰ ਗ੍ਰੰਥ ਨੂੰ ਸ੍ਰੀ ਅੰਮ੍ਰਿਤਸਰ ਤੋਂ ਲਾਹੌਰ ਭੇਜਿਆ ਗਿਆ। ਜਿਲਦਬੰਦੀ ਹੋਣ ਮਗਰੋਂ ਇਸ ਪਾਵਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਦੋਂ ਸੁਦੀ ਏਕਮ, ਸੰਮਤ ੧੬੬੧ ਨੂੰ ਸ੍ਰੀ ਰਾਮਸਰ ਸਾਹਿਬ ਦੇ ਸਥਾਨ ਤੋਂ ਨਗਰ ਕੀਰਤਨ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਲਿਆ ਕੇ ਸੁਸ਼ੋਭਿਤ ਕਰਵਾਇਆ ਅਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਪਹਿਲਾ ਗ੍ਰੰਥੀ ਥਾਪ ਕੇ ਇਸ ਮਹਾਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ।

ਬਾਬਾ ਬੁੱਢਾ ਜੀ ਨੇ ਪੰਚਮ ਪਾਤਸ਼ਾਹ ਜੀ ਦੇ ਆਦੇਸ਼ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰ ਕੇ ਮੁੱਖਵਾਕ ਲਿਆ ਤਾਂ ਇਹ ਪਾਵਨ ਫੁਰਮਾਨ ਹੋਇਆ ਸੀ-

ਸੂਹੀ ਮਹਲਾ ੫॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ (ਅੰਗ ੭੮੩)

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਨੌਵੇਂ ਪਾਤਸ਼ਾਹ, ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਸਥਾਨ 'ਤੇ ਭਾਈ ਮਨੀ ਸਿੰਘ ਜੀ ਰਾਹੀਂ ਦਰਜ ਕਰਵਾ ਕੇ ਇਸ ਗ੍ਰੰਥ ਨੂੰ ਸੰਪੂਰਨਤਾ ਬਖਸ਼ੀ। ਸੰਨ ੧੭੦੮ ਈ. ਵਿਚ ਦਸਮ ਪਾਤਸ਼ਾਹ ਨੇ ਆਪਣੇ ਜੋਤੀ ਜੋਤ ਸਮਾਉਣ ਸਮੇਂ ਸਿੱਖਾਂ ਨੂੰ ਅਬਿਚਲ ਨਗਰ ਨਾਂਦੇੜ, ਸ੍ਰੀ ਹਜ਼ੂਰ ਸਾਹਿਬ (ਮਹਾਂਰਾਸ਼ਟਰ) ਵਾਲੇ ਸਥਾਨ ਤੋਂ 'ਸ਼ਬਦ ਗੁਰੂ' ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਉਪਦੇਸ਼ ਦਿੱਤਾ। ਇਸ ਬਾਬਤ ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' ਵਿਚ ਜ਼ਿਕਰ ਹੈ :-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ ਕੇ ਆਪਣੇ ਸਿੱਖਾਂ ਨੂੰ ਇਹ ਉਪਦੇਸ਼ ਦਿੱਤਾ ਕਿ 'ਸ਼ਬਦ ਗੁਰੂ' ਦੀ ਅਗਵਾਈ ਲੈ ਕੇ ਹੀ ਹਰੇਕ ਸਿੱਖ ਨੇ ਆਪਣੇ ਜੀਵਨ ਨੂੰ ਸੁਆਰਨਾ ਹੈ ਅਤੇ ਸ਼ਬਦ ਦੇ ਸਿਧਾਂਤ 'ਤੇ ਅਮਲ ਕਰਦਿਆਂ ਹੋਇਆਂ ਸਮੁੱਚੀ ਖਲਕਤ ਲਈ ਕਲਿਆਣਕਾਰੀ ਕਾਰਜ ਕਰਨੇ ਹਨ। ਜਿਸ ਨਾਲ ਹਰੇਕ ਸਿੱਖ ਦਾ ਲੋਕ ਪਰਲੋਕ ਸੁਹੇਲਾ ਹੋਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ੬ ਗੁਰੂ ਸਾਹਿਬਾਨ, ਵੱਖ-ਵੱਖ ਭਾਸ਼ਾਵਾਂ, ਖਿੱਤਿਆਂ ਅਤੇ ਧਰਮਾਂ ਨਾਲ ਸੰਬੰਧਿਤ ੧੫ ਭਗਤ ਸਾਹਿਬਾਨ ਅਤੇ ੧੧ ਭੱਟ ਸਾਹਿਬਾਨ ਦੇ ਨਾਲ ਗੁਰੂ-ਘਰ ਦੇ ਨਿਕਟਵਰਤੀ ਗੁਰਸਿੱਖਾਂ ਦੀ ਬਾਣੀ ਸ਼ਾਮਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ੩੧ ਰਾਗ ਇਸ ਪਾਵਨ ਗ੍ਰੰਥ ਨੂੰ ਸੰਗੀਤਕ ਪੱਖ ਤੋਂ ਵੀ ਸਰਵਉੱਤਮ ਅਤੇ ਵਿਲੱਖਣ ਬਣਾ ਦਿੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਹੀ ਬਾਣੀ ਸ਼ਾਮਲ ਹੈ ਜਿਸ ਵਿਚ ਏਕਤਾ, ਭਰਾਤਰੀ-ਭਾਵ, ਆਸ਼ਾਵਾਦੀ ਸੁਰ ਹੈ ਜੋ ਹਰ ਪ੍ਰਕਾਰ ਦੇ ਨਸਲੀ ਭੇਦਭਾਵ, ਧਾਰਮਿਕ ਕਠੋਰਤਾ ਅਤੇ ਤੰਗਦਿਲੀ ਤੋਂ ਉੱਪਰ ਉੱਠ ਕੇ ਸਮੁੱਚੀ ਮਾਨਵਤਾ ਨੂੰ ਇਕ ਮਾਲਾ ਵਿਚ ਪਿਰੋ ਦਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਨੇ ਸਮੁੱਚੀ ਮਨੁੱਖਤਾ ਅੰਦਰ ਦੈਵੀ ਗਿਆਨ ਦੇ ਅਨੁਭਵ ਰਾਹੀਂ ਆਪਸੀ ਪਿਆਰ, ਨਿਮਰਤਾ, ਧੀਰਜ, ਸੰਤੋਖ, ਸਹਿਣਸ਼ੀਲਤਾ, ਸਹਿਜਤਾ ਅਤੇ ਸਵੈ-ਵਿਸ਼ਵਾਸ ਵਰਗੇ ਸਦਗੁਣਾਂ ਦਾ ਸੰਚਾਰ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੇ ਧਰਮ ਗ੍ਰੰਥ ਹੋਣ ਦੇ ਨਾਲ-ਨਾਲ ਸਮੁੱਚੀ ਮਾਨਵਤਾ ਦੀ ਰੂਹਾਨੀ ਅਤੇ ਨੈਤਿਕ ਅਗਵਾਈ ਕਰਦੇ ਹਨ ਅਤੇ ਸਭਨਾਂ ਭਾਈਚਾਰਿਆਂ ਦੇ ਲੋਕਾਂ ਨੂੰ ਧਾਰਮਿਕ ਕੱਟੜਤਾ ਵਰਗੀਆਂ ਤੰਗ-ਦਿਲੀਆਂ ਅਤੇ ਸੌੜੀਆਂ ਸੋਚਾਂ ਦਾ ਤਿਆਗ ਕਰ ਕੇ ਆਪਸ ਵਿਚ ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੰਦੇ ਹਨ।

ਗੁਰਪ੍ਰੀਤ ਸਿੰਘ
ਸੰਪਾਦਕ, ਖਾਲਸਾ ਅਖਬਾਰ

# ਅਸੁਨਿ...

-ਗਿਆਨੀ ਗੁਰਜੀਤ ਸਿੰਘ ਪਟਿਆਲਾ
ਮੁੱਖ ਸੰਪਾਦਕ

'ਬਾਰਹ ਮਾਹਾ ' ਦੇ ਵਿੱਚੋਂ ਅੱਸੂ ਸੱਤਵਾਂ ਮਹੀਨਾ ਹੈ।

ਇਸ ਸਮੇਂ ਮੌਸਮ ਬਦਲਣ ਲੱਗਦਾ ਹੈ। ਗਰਮੀਆਂ ਹੌਲੀ ਹੌਲੀ ਖਤਮ ਹੋ ਕੇ ਸਰਦੀਆਂ ਵੱਲ ਪੈਰ ਧਰਦੀਆਂ ਹਨ। ਦਿਨ ਛੋਟੇ ਹੋਣ ਲੱਗਦੇ ਹਨ ਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ।

ਅੱਸੂ ਮਹੀਨਾ ਕਿਸਾਨੀ ਜ਼ਿੰਦਗੀ ਨਾਲ ਵੀ ਗਹਿਰਾ ਜੁੜਿਆ ਹੋਇਆ ਹੈ। ਇਸ ਮਹੀਨੇ ਖੇਤਾਂ ਦੇ ਵਿੱਚ ਧਾਨ (ਚਾਵਲ) ਦੀ ਫਸਲ ਤਿਆਰ ਹੁੰਦੀ ਹੈ। ਕਿਸਾਨ ਖੇਤਾਂ ਵਿੱਚ ਕਟਾਈ ਕਰਦੇ ਹਨ ਤੇ ਖੁਸ਼ੀਆਂ ਮਨਾਉਂਦੇ ਹਨ। ਕਿਉਂਕਿ ਮਿਹਨਤ ਦੇ ਫਲ ਮਿਲਦੇ ਹਨ। ਪਿੰਡਾਂ ਦੀਆਂ ਗਲੀਆਂ ਵਿੱਚ ਨਵਾਂ ਅੰਨ ਆਉਣ ਦੇ ਨਾਲ ਰੌਣਕ ਹੋ ਜਾਂਦੀ।

ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ, ਡਾ. ਗੁਰਚਰਨ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ 'ਮਹਾਨ ਕੋਸ਼', 'ਸ਼੍ਰੀ ਗੁਰੂ ਗ੍ਰੰਥ ਸਾਹਿਬ ਕੋਸ਼', 'ਗੁਰਬਾਣੀ ਪਾਠ ਦਰਪਣ' ਦੇ ਵਿੱਚ ਜਿੱਥੇ ਆਪੋ ਆਪਣੀ ਮਤ ਦੇ ਅਨੁਸਾਰ ਸ਼ਬਦਾਂ ਨੂੰ ਅਨੇਕਾਂ ਤਰੀਕਿਆਂ ਦੇ ਨਾਲ ਵਖਿਆਨ ਕਰਦੇ ਨੇ, ਉੱਥੇ ਕੁਝ ਕੁ ਸ਼ਬਦਾਂ ਦੇ ਅਰਥ ਸਨਾਤਨ ਮੱਤ ਵਾਲੇ ਹੀ ਲਿਖਦੇ ਹਨ। ਅਸੁਨਿ ਸੰਖੇਪ ਅੱਸੂ ਦੇ ਮਹੀਨੇ ਦੇ ਨਾਮ ਨੂੰ ਚੰਦਰਮਾ ਦੇ ਅਸਵਨੀ ਨਕਸ਼ਤਰ ਤੋਂ ਮੰਨਦੇ ਹਨ:

ਅਸੁਨਿ: ਆਸ ਸੁਨਿ ਦਾ ਸੰਖੇਪ ਹੈ।

ਗੁਰੂ ਦੇ ਕੋਲੋਂ ਪਰਮਾਤਮਾ ਦੀਆਂ ਕਹਾਣੀਆਂ ਸੁਣ ਕਰਕੇ, ਪ੍ਰਭੂ ਦੇ ਵਿੱਚ ਲੀਨ ਹੋਇਆਂ ਦੇ ਪ੍ਰਤਾਪ ਬਾਰੇ ਸੁਣ ਕਰਕੇ ਸਰੋਤੇ ਦੇ ਅੰਦਰ ਪ੍ਰਭੂ ਪ੍ਰੇਮ ਦਾ ਉਮਾਹੜਾ ਆਉਂਦਾ ਹੈ ਕਿ ਕਿਵੇਂ ਹਰੀ ਦੇ ਕੋਲ ਪਹੁੰਚ ਕੇ ਉਸ ਨੂੰ ਮਿਲਾਂ, ਮਨ ਤੇ ਤਨ ਦੇ ਵਿੱਚ ਦਰਸ਼ਨਾਂ ਦੀ ਘਣੀ ਪਿਆਸ ਪੈਦਾ ਹੁੰਦੀ ਹੈ, ਕੋਈ ਆਣ ਕੇ ਪਰਮਾਤਮਾ ਪਤੀ ਦੇ ਨਾਲ ਮਿਲਾਵੇ, ਸੰਤ ਇਸ ਪ੍ਰੇਮ ਦੇ ਵਿੱਚ ਸਹਾਈ ਹਨ, ਇਸ ਲਈ ਮੈਂ ਉਹਨਾਂ ਦੇ ਚਰਨੀ ਲੱਗਦੀ ਹਾਂ, ਪ੍ਰਭੂ ਤੋਂ ਬਿਨਾਂ ਕਿਵੇਂ ਸੁੱਖ ਮਿਲ ਸਕਦਾ ਹੈ, ਸੁੱਖ ਅਨੰਦ ਦੀ ਹੋਰ ਕੋਈ ਥਾਂ ਹੀ ਨਹੀਂ ਹੈ, ਜਿਨ੍ਹਾਂ ਨੇ ਵੀ ਪ੍ਰਭੂ ਪਿਆਰ ਦਾ ਰਸ ਚੱਖ ਲਿਆ ਹੈ। ਉਹ ਤ੍ਰਿਪਤ ਹੋ ਜਾਂਦੇ ਹਨ, ਆਪਾ ਭਾਵ ਤਿਆਗ ਕੇ ਬੇਨਤੀਆਂ ਕਰਦੇ ਹਨ ਕਿ ਸਾਨੂੰ ਆਪਣੇ ਲੜ ਦੇ ਨਾਲ ਲਾ ਲਵੋ, ਜਿਨਾਂ ਦੀਆਂ ਅਰਦਾਸਾਂ ਨੂੰ ਸੁਣ ਕੇ ਹਰੀ ਕੰਤ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਦੁਬਾਰਾ ਫਿਰ ਨਹੀਂ ਵਿਛੜਦੀਆਂ, ਉਹਨਾਂ ਜੀਵ ਇਸਤਰੀਆਂ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁੱਖ ਵਾਸਤੇ ਪ੍ਰਭੂ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ, ਅੱਸੂ ਦੇ ਮਹੀਨੇ ਉਹ ਜੀਵ ਇਸਤਰੀਆਂ ਸੁਖੀ ਵਸਦੀਆਂ ਹਨ,ਜਿਨਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ।

ਗੁਰਬਾਣੀ ਤੇ ਸਿੱਖ ਇਤਿਹਾਸ ਦੇ ਵਿੱਚ ਅਨੇਕਾਂ ਪ੍ਰਮਾਣ ਮਿਲਦੇ ਹਨ ਕਿ ਦੂਜਿਆਂ ਦੇ ਕੋਲੋਂ ਸੁਣ ਕੇ ਗੁਰਸਿੱਖਾਂ ਦੇ ਅੰਦਰ ਗੁਰੂ ਪਰਮਾਤਮਾ ਦੇ ਮਿਲਾਪ ਦੀ ਆਸ ਬਣੀ ਹੈ, ਭਗਤ ਕਬੀਰ ਜੀ ਦੇ ਪ੍ਰਤਾਪ ਨੂੰ ਸੁਣ ਕੇ ਸੈਨ ਨਾਈ ਜੀ ਦੇ ਅੰਦਰ ਮਿਲਾਪ ਦੀ ਆਸ ਪੈਦਾ ਹੁੰਦੀ ਹੈ, ਰਾਤ ਦੇ ਸਮੇਂ ਉਹ ਬੰਦਗੀ ਕਰਨਾ ਆਰੰਭ ਕਰਦੇ ਹਨ,

ਸੁਣਿ ਪ੍ਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ।

(ਭਾਈ ਗੁਰਦਾਸ ਜੀ ਵਾਰ ੧੦ ਪਉੜੀ ੧੬)

ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਰਵਿਦਾਸ ਜੀ, ਸ੍ਰੀ ਸੈਨੁ ਜੀ ਜਿਹਦੇ ਬਾਰੇ ਸੁਣ ਕਰਕੇ ਭਗਤ ਧੰਨਾ ਜੀ ਦੇ ਅੰਦਰ ਪ੍ਰਭੂ ਮਿਲਾਪ ਦੀ ਆਸ ਬਣਦੀ ਹੈ, ਭਗਤੀ ਕਰਨ ਲੱਗਦੇ ਹਨ ਤੇ ਗੁਸਈਆ ਪ੍ਰਤੱਖ ਹੋ ਕਰਕੇ ਮਿਲਦਾ ਹੈ

ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੭)

ਭਾਈ ਜੋਧ ਜੀ ਦੇ ਕੋਲੋਂ ਖਡੂਰ ਸਾਹਿਬ ਦੇ ਵਿੱਚ ਗੁਰਬਾਣੀ ਸੁਣ ਕਰਕੇ ਭਾਈ ਲਹਿਣਾ ਜੀ ਦੇ ਅੰਦਰ ਗੁਰੂ ਨਾਨਕ ਜੀ ਦੇ ਮਿਲਾਪ ਦੀ ਆਸ ਉਤਪੰਨ ਹੁੰਦੀ ਹੈ। ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਜੋ ਗੁਰੂ ਅਮਰਦਾਸ ਸਾਹਿਬ ਜੀ ਦੇ ਭਤੀਜੇ ਭਾਈ ਜੱਸੋ ਜੀ ਨੂੰ ਵਿਆਹੇ ਹੋਏ ਸਨ, ਉਨਾਂ ਦੇ ਰਸਨਾ ਤੋਂ ਗੁਰਬਾਣੀ ਸੁਣ ਕਰਕੇ ਬਾਬਾ ਅਮਰਦਾਸ ਜੀ ਦੇ ਅੰਦਰ ਦੂਸਰੇ ਪਾਤਸ਼ਾਹ ਨੂੰ ਮਿਲਣ ਦੀ ਆਸ ਪੈਦਾ ਹੋਈ।

# ਸ੍ਰੀ ਗੁਰੂ ਗ੍ਰੰਥ ਸਾਹਿਬ : ਆਧੁਨਿਕ ਮਸਲਿਆਂ ਦਾ ਸਮਾਧਾਨ

ਡਾ. ਬਲਵੰਤ ਸਿੰਘ ਢਿੱਲੋਂ

ਗੁਰੂ ਨਾਨਕ ਦੇਵ ਜੀ ਦੇ ਪੈਗੰਬਰੀ ਅਨੁਭਵ ਵਿਚੋਂ ਇਲਾਹੀ ਬਾਣੀ ਦਾ ਜੋ ਪ੍ਰਕਾਸ਼ ਹੋਇਆ ਉਸ ਨੇ ਭਾਰਤੀ ਉਪ-ਮਹਾਂਦੀਪ ਵਿਚ ਇਕ ਕ੍ਰਾਂਤੀ ਨੂੰ ਜਨਮ ਦਿੱਤਾ। ਫਲਸਰੂਪ ਸਿੱਖ ਪੰਥ ਦੇ ਰੂਪ ਵਿਚ ਇਕ ਨਵਾਂ ਧਾਰਮਿਕ-ਸਮਾਜਿਕ ਭਾਈਚਾਰਾ ਹੋਂਦ ਵਿਚ ਆਇਆ। ਇਸ ਭਾਈਚਾਰੇ ਦੇ ਜ਼ਾਲਿਮਾਂ ਤੇ ਜਰਵਾਣਿਆਂ ਨਾਲ ਸੰਘਰਸ਼ ਕਰਕੇ ਅਟਕ ਦਰਿਆ ਤੋਂ ਲੈ ਕੇ ਜਮਨਾ ਦਰਿਆ ਤਕ ਖੁਦਮੁਖਤਾਰ ਸਿੱਖ ਰਾਜ ਦੀ ਸਥਾਪਨਾ ਹੀ ਨਹੀਂ ਕੀਤੀ ਬਲਕਿ ਉੱਤਰ-ਪੱਛਮ ਵੱਲੋਂ ਹਿੰਦੁਸਤਾਨ ਉੱਪਰ ਚੜ੍ਹ ਕੇ ਆਉਣ ਵਾਲੀਆਂ ਵਿਦੇਸ਼ੀ ਹਮਲਾਵਰਾਂ ਦੀਆਂ ਧਾੜਾਂ ਦਾ ਮੂੰਹ ਸਦਾ ਦੇ ਲਈ ਮੋੜ ਕੇ ਰੱਖ ਦਿੱਤਾ। ਇਤਿਹਾਸ ਗਵਾਹ ਹੈ ਕਿ ਉਸ ਸਮੇਂ ਸਿੱਖ ਪੰਥ ਪਾਸ ਕੋਈ ਵੱਡੀ ਫੋਜੀ ਸ਼ਕਤੀ ਨਹੀਂ ਸੀ ਤੇ ਨਾ ਹੀ ਕੋਈ ਬਾਹਰੀ ਮਦਦ ਦਾ ਵਾਇਦਾ। ਇਹ ਉਹ ਸਮਾਂ ਸੀ ਜਦੋਂ ਪੱਤਾ ਪੱਤਾ ਸਿੰਘਾਂ ਦਾ ਵੈਰੀ ਸੀ। ਉਨ੍ਹਾਂ ਨੇ ਇਸ ਬਿਖੜੇ ਪੈਂਡੇ ਨੂੰ ਆਪਣੇ ਉੱਚ ਇਖਲਾਕੀ ਕਿਰਦਾਰ ਤੇ ਕੌਮੀ ਜਜ਼ਬੇ ਦੇ ਸਹਾਰੇ ਤੈਅ ਕੀਤਾ ਸੀ। ਯਾਦ ਰਹੇ ਕਿ ਸਿੱਖਾਂ ਦਾ ਇਹ ਕਿਰਦਾਰ ਗੁਰੂ ਗ੍ਰੰਥ-ਗੁਰੂ ਪੰਥ ਦੇ ਸਿਧਾਂਤ ਉੱਪਰ ਅਮਲ ਵਿਚੋਂ ਉਤਪੰਨ ਹੋਇਆ ਸੀ। ਸਿੱਖ ਪੰਥ ਨੇ ਆਪਣੇ ਇਤਿਹਾਸ ਵਿਚ ਬੜੇ ਉਤਾਰ-ਚੜ੍ਹਾਅ ਦੇਖੇ ਹਨ। ਹਰ ਅੰਦਰੂਨੀ ਤੇ ਬਾਹਰੀ ਸੰਕਟ ਨਾਲ ਸਿੱਝਣ ਲਈ ਹਮੇਸ਼ਾ ਹੀ ਸਿੱਖ ਪੰਥ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਤੋਂ ਅਗਵਾਈ ਗ੍ਰਹਿਣ ਕੀਤੀ ਹੈ। ਪਿਛਲੇ ੩੦੦ ਸਾਲਾਂ ਦੌਰਾਨ ਸਿੱਖ ਪੰਥ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਵਫ਼ਾਦਾਰੀ ਤੇ ਵਚਨ-ਬੱਧਤਾ ਸਾਡੇ ਲਈ ਬੜੇ ਫ਼ਖਰ ਵਾਲੀ ਗੱਲ ਹੈ। ਇਸ ਉੱਪਰ ਅਸੀਂ ਮਾਣ ਕਰਨ ਦੇ ਨਾਲ-ਨਾਲ ਪ੍ਰੇਰਨਾ ਵੀ ਲੈ ਸਕਦੇ ਹਾਂ। ਹੁਣ ਭਵਿੱਖ-ਮੁਖੀ ਹੋਣ ਦਾ ਵਕਤ ਆ ਗਿਆ ਹੈ। ਸਿੱਖ ਪੰਥ ਤੇ ਸਮੁੱਚੀ ਮਾਨਵਤਾ ਨੂੰ ਭਵਿੱਖ ਵਿਚ ਜੋ ਚੁਣੌਤੀਆਂ ਦਰਪੇਸ਼ ਹਨ ਉਨ੍ਹਾਂ ਦਾ ਸਮਾਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚੋਂ ਤਲਾਸ਼ੀਏ ਤੇ ਵਿਸ਼ਵ ਨੂੰ ਇਸ ਤੋਂ ਜਾਣੂੰ ਕਰਵਾਈਏ।

ਵਿਸ਼ਵ ਪੱਧਰ ਤੇ ਭਵਿੱਖ ਦਾ ਜੋ ਖਾਕਾ ਉਭਰ ਰਿਹਾ ਹੈ ਉਹ ਬੜਾ ਉਤਸ਼ਾਹ-ਵਰਧਕ ਵੀ ਹੈ ਤੇ ਨਿਰਾਸ਼ਕੁੰਨ ਵੀ ਸਿੱਖ ਧਰਮ ਦਾ ਪਾਸਾਰ ਹੋ ਗਿਆ ਹੈ। ਬਹੁਤ ਸਾਰੇ ਵਿਦੇਸ਼ੀ ਮੁਲਕਾਂ ਵਿਚ ਸਿੱਖ ਆਬਾਦ ਹੋ ਚੁੱਕੇ ਹਨ। ਇਨ੍ਹਾਂ ਵਿਦੇਸ਼ੀ ਸਿੱਖਾਂ ਨੇ ਆਪਣੀ ਮਿਹਨਤ ਤੇ ਬਹੁ ਮੁਖੀ ਪ੍ਰਤਿਭਾ ਰਾਹੀਂ ਉਨ੍ਹਾਂ ਮੁਲਕਾਂ ਦੇ ਸਮਾਜਿਕ, ਆਰਥਿਕ ਤੇ ਸਿਆਸੀ ਜੀਵਨ ਵਿਚ ਬੜੀ ਸਨਮਾਨਜਨਕ ਸਥਿਤੀ ਗ੍ਰਹਿਣ ਕਰ ਲਈ ਹੈ। ਉਨ੍ਹਾਂ ਨੇ ਵਿਦੇਸ਼ਾਂ ਵਿਚ ਵਿਚਰਦੇ ਹੋਏ ਆਪਣੇ ਧਰਮ ਤੇ ਸਭਿਆਚਾਰ ਦੀ ਨਿਵੇਕਲੀ ਦਿੱਖ ਨੂੰ ਕਾਇਮ ਰੱਖਿਆ ਹੈ। ਉਨ੍ਹਾਂ ਨੇ ਆਪਣੀ ਪੇਸ਼ਾਵਰ ਸਫਲਤਾ ਲਈ ਪੱਛਮੀ ਵਿਦਿਆ ਅਤੇ ਮਾਹੌਲ ਤੋਂ ਸਬਕ ਤਾਂ ਲਿਆ ਹੈ ਪਰ ਜੀਵਨ ਦੇ ਮਾਰਗ ਦਰਸ਼ਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਅਗਵਾਈ ਗ੍ਰਹਿਣ ਕੀਤੀ ਹੈ। ਇਨ੍ਹਾਂ ਸਿੱਖਾਂ ਦੇ ਜੀਵਨ-ਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਵਿਦੇਸ਼ਾਂ ਦੀਆਂ ਕਈ ਕੌਮਾਂ ਤੇ ਨਸਲਾਂ ਦੇ ਲੋਕ ਸਿੱਖ ਧਰਮ ਵਿਚ ਪਰਵਰਤਿਤ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਚੁੱਕੇ ਹਨ।

ਇਉਂ ਸਿੱਖ ਪੰਥ ਸਹੀ ਅਰਥਾਂ ਵਿੱਚ ਕੌਮਾਂਤਰੀ ਭਾਈਚਾਰਾ ਬਣ ਚੁੱਕਾ ਹੈ। ਕੌਮਾਂਤਰੀ ਪੱਧਰ ਤੇ ਵਿਸ਼ਵ ਧਰਮਾਂ ਦੇ ਸੰਮੇਲਨਾਂ ਵਿਚ ਸਿੱਖ ਧਰਮ ਨੂੰ ਸਨਮਾਨਜਨਕ ਸਥਿਤੀ ਪ੍ਰਾਪਤ ਹੋ ਗਈ ਹੈ। ਭਵਿੱਖ ਵਿਚ ਉਪਰੋਕਤ ਰੁਝਾਨ ਵਿਚ ਸਕਾਰਾਤਮਕ ਵਾਧੇ ਦੀ ਉਮੀਦ ਹੈ।

ਪਿਛਲੇ ਅਰਸੇ ਵਿਚ ਗਿਆਨ-ਵਿਗਿਆਨ ਦੇ ਖੇਤਰ ਵਿਚ ਮਨੁੱਖ ਨੇ ਬੜੀਆਂ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਮੱਧ ਯੁੱਗ ਤੋਂ ਗਿਆਨ ਦੇ ਯੁੱਗ ਵਿਚ ਪ੍ਰਵੇਸ਼ ਕਰਦੇ ਹੋਏ ਆਧੁਨਿਕ ਯੁੱਗ ਦੇ ਤਜ਼ਰਬੇ ਰਾਹੀਂ ਹੁਣ ਅਸੀਂ ਉੱਤਰ-ਆਧੁਨਿਕ ਯੁੱਗ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਪੁਰਾਤਨ ਵਿਚਾਰ, ਰਵਾਇਤਾਂ ਤੇ ਕਦਰਾਂ-ਕੀਮਤਾਂ ਦੀ ਥਾਂ ਨਵੇਂ ਵਿਚਾਰ ਅਤੇ ਕਦਰਾਂ-

ਕੀਮਤਾਂ ਸਥਾਪਿਤ ਹੋ ਰਹੀਆਂ ਹਨ। ਧਾਰਮਿਕ ਕੱਟੜਤਾ, ਅੰਧ-ਵਿਸ਼ਵਾਸ਼, ਬੋਦੇ ਤੇ ਬੁੱਸੇ ਵਿਚਾਰਾਂ ਦਾ ਦੌਰ ਖਤਮ ਹੋ ਗਿਆ ਹੈ। ਗਿਆਨ-ਵਿਗਿਆਨ ਦੀ ਹਰ ਪ੍ਰਣਾਲੀ ਵਿਚ ਧਰਮ ਜਾਂ ਦੈਵੀ ਹਸਤੀ ਦੀ ਬਜਾਇ ਮਨੁੱਖ ਜਾਤੀ ਕੇਂਦਰੀ ਬਿੰਦੂ ਬਣ ਚੁੱਕੀ ਹੈ। ਸੂਚਨਾ ਅਤੇ ਸੰਚਾਰ ਦੇ ਖੇਤਰ ਵਿਚ ਆਈ ਕ੍ਰਾਂਤੀ ਨਾਲ ਸਮੇਂ ਤੇ ਫ਼ਾਸਲੇ ਦੀਆਂ ਵਿਥਾਂ ਘੱਟ ਗਈਆਂ ਹਨ। ਸਾਰਾ ਸੰਸਾਰ ਸਿਮਟ ਕੇ ਪਿੰਡ ਦਾ ਰੂਪ ਅਖ਼ਤਿਆਰ ਕਰ ਗਿਆ ਹੈ । ਕੌਮਾਂਤਰੀ ਪੱਧਰ ਤੇ ਹਰੇਕ ਖੇਤਰ ਵਿਚ ਆਦਾਨ-ਪ੍ਰਦਾਨ ਵਧਿਆ ਹੈ। ਵਪਾਰਕ ਦ੍ਰਿਸ਼ਟੀ ਤੋਂ ਆਯਾਤ ਨਿਰਯਾਤ ਵੱਧ ਰਿਹਾ ਹੈ। ਵਿਕਾਸਸ਼ੀਲ ਦੇਸ਼ਾਂ ਦਾ ਅਰਥਚਾਰਾ ਵਿਸ਼ਵ ਮੰਡੀ ਵਿਚ ਆਏ ਉਤਾਰ-ਚੜਾਅ ਨਾਲ ਡਗਮਗਾ ਜਾਂਦਾ ਹੈ। ਵਿਸ਼ਵ ਅਰਥਚਾਰੇ ਦੀ ਦਸ਼ਾ ਤੇ ਦਿਸ਼ਾਂ World Trade Organization ਦੀਆ ਨੀਤੀਆਂ ਤੈਅ ਕਰਦੀਆਂ ਹਨ। ਹਰ ਕੋਈ ਆਪਣੀ ਪ੍ਰਤਿਭਾ ਦਾ ਮੁੱਲ ਵੱਟਣਾ ਚਾਹੁੰਦਾ ਹੈ। ਹਰ ਪਾਸੇ ਵਿਸ਼ਵੀਕਰਣ ਦਾ ਬੋਲਬਾਲਾ ਹੈ। ਆਧੁਨਿਕ ਯੁੱਗ ਦੀਆਂ ਕਦਰਾਂ ਕੀਮਤਾਂ ਨਾਲ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਉੱਤੇ ਜੋ ਮਾੜਾ ਪ੍ਰਭਾਵ ਪੈ ਰਿਹਾ ਹੈ ਉਹ ਬੜੀ ਚਿੰਤਾ ਦਾ ਵਿਸ਼ਾ ਹੈ। ਵਿਸ਼ਵੀਕਰਣ ਦੇ ਯੁੱਗ ਵਿਚ ਵਿਕਸਿਤ ਦੇਸ਼ਾਂ ਤੇ ਸਰਮਾਏ ਦਾਰੀ ਨੂੰ ਪਹਿਲ ਪ੍ਰਾਪਤ ਹੈ। ਕੌਮਾਂਤਰੀ ਰਾਜਨੀਤੀ ਵੀ ਇਨ੍ਹਾਂ ਦੀ ਕਠਪੁਤਲੀ ਹੈ।

ਕੁਦਰਤੀ ਸਾਧਨਾਂ ਤੇ ਵਸੀਲਿਆਂ ਉੱਪਰ ਕੁਝ ਕੁ ਕੌਮਾਂ ਜਾਂ ਲੋਕਾਂ ਦੇ ਕਾਬਿਜ਼ ਹੋ ਜਾਣ ਦੀ ਆਸ਼ੰਕਾ ਹੈ। ਤਰੱਕੀ ਪਸੰਦ ਮੁਲਕਾਂ ਵਿਚ ਪੂੰਜੀ ਨਿਵੇਸ਼ ਨੂੰ ਵਿਸ਼ਵ ਮੰਡੀ ਦੀਆਂ ਤਾਕਤਾਂ ਨਿਰਧਾਰਿਤ ਕਰਦੀਆਂ ਹਨ।

## ਵਿਸ਼ਵੀਕਰਣ ਦਾ ਉਦੇਸ਼

ਖ਼ਪਤਕਾਰ ਲੱਭਣੇ ਤੇ ਮੰਡੀਆਂ ਪੈਦਾ ਕਰਨੀਆਂ ਹਨ। ਇਸ ਵਿਸ਼ਵ ਮੰਡੀ ਵਿਚ ਮਨੁੱਖ ਵੀ ਕੱਚੇ ਮਾਲ ਵਾਂਗ ਹੈ। ਜਨਤਕ ਭਲਾਈ ਦੀ ਬਜਾਇ ਨਿਸ਼ਾਨਾ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ। ਵੱਧ ਤੋਂ ਵੱਧ ਸਰਮਾਇਆ ਤੇ ਪਦਾਰਥਕ ਵਸੀਲੇ ਸੰਗ੍ਰਹਿ ਕਰਨ ਦੀ ਦੌੜ ਲੱਗੀ ਹੋਈ ਹੈ। ਜਲਦੀ ਤੇ ਹੋਰ ਵਧੇਰੇ ਪਦਾਰਥਕ ਉੱਨਤੀ ਦੀ ਲਾਲਸਾ ਨੇ ਮਨੁੱਖ ਨੂੰ ਵੀ ਇਕ ਮਸ਼ੀਨ ਵਿਚ ਬਦਲ ਦਿੱਤਾ ਹੈ। ਇਸ ਨੇ ਸਮੂਹਿਕ ਜਾਂ ਜਥੇਬੰਦਕ ਹਿਤਾਂ ਦੀ ਬਜਾਇ ਨਿਜੀ-ਸੁਆਰਥ ਨੂੰ ਉਤਸ਼ਾਹਿਤ ਕੀਤਾ ਹੈ। ਵਿਅਕਤੀਗਤ ਰੁਚੀ ਨਾਲ ਸਾਂਝੇ ਪਰਿਵਾਰ ਦੀ ਸੰਸਥਾ ਟੁੱਟ ਰਹੀ ਹੈ। ਮਾਪਿਆਂ ਤੇ ਸੰਤਾਨ ਵਿਚਕਾਰ ਭਾਵਨਾਤਮਕ ਪਿਆਰ ਦੀਆਂ ਤੰਦਾਂ ਤਿੜਕ ਰਹੀਆਂ ਹਨ। ਆਮ ਮਨੁੱਖ ਘੋਰ ਤੌਖਲੇ ਤੇ ਮਾਨਸਿਕ ਤਣਾਅ ਵਿੱਚੋਂ ਗੁਜ਼ਰ ਰਿਹਾ ਹੈ। ਆਤਮਿਕ ਸ਼ਾਂਤੀ ਲਈ ਕੋਈ ਰਾਹ ਦਸੇਰਾ ਨਜ਼ਰ ਨਹੀਂ ਆ ਰਿਹਾ। ਵਿਸ਼ਵੀਕਰਣ ਦੇ ਯੁੱਗ ਵਿਚ ਸਹੀ ਅਰਥਾਂ ਵਿਚ ਵਿਸ਼ਵ ਨਾਗਰਿਕ ਪੈਦਾ ਕਰਨ ਦਾ ਕੋਈ ਸੁਪਨਾ ਨਹੀਂ ਲੈ ਰਿਹਾ। ਆਤਮਿਕ ਤੌਰ ਤੇ ਬਲਵਾਨ ਹੋ ਕੇ ਸਮਾਜ, ਦੇਸ਼, ਕੌਮ ਮਾਨਵਤਾ ਦੀ ਸੇਵਾ ਕਰਨ ਦਾ ਕੋਈ ਰੁਝਾਨ ਦੇਖਣ ਨੂੰ ਨਹੀਂ ਮਿਲਦਾ। ਐਸੇ ਮਾਹੌਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਵਿਸ਼ਵ ਦੇ ਲੋਕਾਂ ਸਾਹਮਣੇ ਪ੍ਰਸਤੁਤ ਕਰਨਾ ਸਿੱਖ ਪੰਥ ਦਾ ਪਵਿੱਤਰ ਅਤੇ ਇਖਲਾਕੀ ਫਰਜ਼ ਹੈ। ਵਿਸ਼ਵੀਕਰਣ ਦੇ ਨਕਾਰਾਤਮਕ ਪ੍ਰਭਾਵ ਨੂੰ ਕਿਰਤ ਕਰੋ, ਨਾਪ ਜਪੋ, ਵੰਡ ਛਕੋ ਦੇ ਆਦਰਸ਼ਾਂ ਰਾਹੀਂ ਦੂਰ ਕੀਤਾ ਜਾ ਸਕਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਪ੍ਰਤਿਪਾਦਿਤ ਉੱਚੀਆਂ ਅਧਿਆਤਮਿਕ ਅਤੇ ਇਖਲਾਕੀ ਕਦਰਾਂ-ਕੀਮਤਾਂ ਸਾਰੇ ਵਿਸ਼ਵ ਨੂੰ ਘਾਲ ਕਮਾਈ ਰਾਹੀਂ ਸਰਬੱਤ ਦੇ ਭਲੇ ਲਈ ਪ੍ਰੇਰਿਤ ਕਰਨ ਦੇ ਸਮਰੱਥ ਹਨ।

ਸਾਨੂੰ ਸਭ ਨੂੰ ਪਤਾ ਹੈ ਕਿ ਸਿੱਖ ਰਹਿਤ ਮਰਯਾਦਾ ਤੇ ਪੰਥ ਦੀ ਨਿਵੇਕਲੀ ਪਹਿਚਾਣ ਦਾ ਆਧਾਰ ਤੇ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿੱਖ ਧਰਮ ਤੇ ਇਸ ਦੀ ਵਿਲੱਖਣਤਾ ਨੂੰ ਬਰਕਰਾਰ ਰੱਖਣ ਲਈ ਸਿੱਖਾਂ ਨੇ ਅਨੇਕਾਂ ਸ਼ਹੀਦੀਆਂ ਪਾਈਆਂ ਹਨ। ਆਪਣੀ ਧਾਰਮਿਕ ਤੇ ਸਮਾਜਿਕ ਤੌਰ 'ਤੇ ਨਿਆਰੀ ਹੋਂਦ ਉੱਤੇ ਸਾਨੂੰ ਬੜਾ ਫ਼ਖ਼ਰ ਹੈ। ਪਰ ਅੱਜ ਦੇ ਆਧੁਨਿਕ ਯੁੱਗ ਵਿਚ ਸਿੱਖ ਪੰਥ ਦੀ ਵੱਖਰੀ ਪਹਿਚਾਣ ਉੱਤੇ ਕਈ ਪ੍ਰਸ਼ਨ ਚਿੰਨ੍ਹ ਲੱਗੇ ਹੋਏ ਹਨ। ਇਹ ਚੁਣੌਤੀਆਂ ਪੰਥ ਦੇ ਅੰਦਰੋਂ ਤੇ ਬਾਹਰੋਂ ਦੋਨੋਂ ਕਿਸਮ ਦੀਆਂ ਹਨ। ਪੰਥ ਦੀ ਨੌਜੁਆਨ ਪੀੜ੍ਹੀ ਪਤਿਤਪੁਣੇ ਦਾ ਸ਼ਿਕਾਰ ਹੈ। ਬਾਹਰੀ ਸਰੂਪ ਜਾਂ ਦਿੱਖ ਬਾਰੇ ਪਤਿਤਪੁਣਾ ਨਿਸ਼ਚੇ ਹੀ ਚਿੰਤਾ ਦਾ ਵਿਸ਼ਾ ਹੈ ਪਰ ਧਾਰਮਿਕ ਸਿਧਾਂਤਾਂ ਨੂੰ ਜੋ ਖੋਰਾ ਲੱਗ ਰਿਹਾ ਹੈ ਉਸ ਵੱਲ ਸਾਡਾ ਕੋਈ ਧਿਆਨ ਨਹੀਂ। ਖੁਦਗਰਜ਼ੀ ਤੋਂ ਉੱਪਰ ਉੱਠ ਕੇ ਸਿੱਖੀ ਸਿਧਾਂਤਾਂ ਦੀ ਸਰਬ ਉੱਚਤਾ ਲਈ ਆਪਾ ਨਿਸ਼ਾਵਰ ਕਰ ਜਾਣਾ, ਸਿੱਖ ਇਤਿਹਾਸ ਦੀਆਂ ਉੱਚਤਮ ਮਿਸਾਲਾਂ ਸਾਡੇ ਸਾਹਮਣੇ ਹਨ। ਪਰ ਮੌਜੂਦਾ ਦੌਰ ਵਿਚ ਗੁਰੂ-ਗ੍ਰੰਥ ਤੇ ਗੁਰੂ ਪੰਥ

ਨੂੰ ਮੁਕੰਮਲ ਤੌਰ ਤੇ ਸਮਰਪਿਤ ਹੋਣ ਵਿਚ ਦੁਬਿਧਾ ਪੈਦਾ ਹੋ ਰਹੀ ਹੈ। ਸਿੱਖ ਪੰਥ ਦੀ ਆਪਣੇ ਗੁਰੂ ਤੇ ਅਕਾਲਪੁਰਖ ਪ੍ਰਤੀ ਪ੍ਰਥਮ ਵਫ਼ਾਦਾਰੀ ਵਿਚ ਕਈ ਹੋਰ ਭਾਈਵਾਲ ਆ ਖੜੋਤੇ ਹਨ। ਸ਼ਬਦ ਗੁਰੂ ਦੀ ਬਜਾਇ ਸ਼ਖਸ਼ੀ ਪੂਜਾ ਦਾ ਰੁਝਾਨ ਵੱਧ ਰਿਹਾ ਹੈ। ਕਈ ਡੇਰੇਦਾਰਾਂ ਨੂੰ ਇਸ਼ਟ ਦਾ ਦਰਜਾ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿਚ ਫਰਕ ਲੱਭਣ ਤੇ ਖ਼ਾਲਸਾ ਰਹਿਤ ਤੋਂ ਮੁਨਕਿਰ ਹੋਣ ਦੇ ਢਕਵੰਜ ਲੱਭੇ ਜਾ ਰਹੇ ਹਨ। ਦੀਨ ਤੇ ਦੁਨੀਆਂ ਦੇ ਮਸਲਿਆਂ ਨੂੰ ਸੁਲਝਾਉਣ ਲਈ ਪੰਚ ਪਰਧਾਨੀ ਅਸੂਲਾਂ ਦੀ ਰਵਾਇਤ ਸੁੰਗੜ ਰਹੀ ਹੈ। ਸਿੱਖ-ਪੰਥ ਵਿਰੋਧੀ ਸੰਪ੍ਰਦਾਵਾਂ ਨੇ ਪੰਥ ਦੀ ਸਮਾਜਿਕ ਏਕਤਾ ਉੱਤੇ ਪਰਹਾਰ ਕਰ ਦਿੱਤਾ ਹੈ।

ਵਿਦੇਸ਼ਾਂ ਵਿਚ ਵੱਸਣ ਵਾਲੇ ਸਿੱਖਾਂ ਉੱਪਰ ਸਿੱਖ ਪੰਥ ਨੂੰ ਬੜਾ ਮਾਣ ਹੈ। ਉਹ ਸਿੱਖ ਪੰਥ ਦਾ ਬੜਾ ਵਡਮੁੱਲਾ ਸਰਮਾਇਆ ਹਨ। ਸਿੱਖ ਪੰਥ ਦੀ ਬਿਹਤਰੀ ਦਾ ਉਨ੍ਹਾਂ ਦੇ ਸੀਨੇ ਵਿਚ ਦਰਦ ਹੈ। ਪਰ ਵਿਦੇਸ਼ਾਂ ਵਿਚ ਸਿੱਖਾਂ ਨੂੰ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਸੰਬੰਧੀ ਕਈ ਕਿਸਮ ਦੀਆਂ ਕਠਿਨਾਈਆਂ ਦਰਪੇਸ਼ ਹਨ। ਉਨ੍ਹਾਂ ਮੁਲਕਾਂ ਦਾ ਕਾਨੂੰਨ ਅਤੇ ਸਭਿਆਚਾਰ ਸਿੱਖ ਪੰਥ ਦੀ ਨਿਰਾਲੀ ਸ਼ਾਨ ਉੱਪਰ ਕਈ ਪ੍ਰਸ਼ਨ ਖੜ੍ਹੇ ਕਰ ਰਿਹਾ ਹੈ। ਵਿਦੇਸ਼ਾਂ ਵਿਚ ਸਿੱਖੀ ਸਰੂਪ ਬਾਰੇ ਕਈ ਗਲਤ-ਫਹਿਮੀਆਂ ਪ੍ਰਚੱਲਿਤ ਹਨ। ਕਕਾਰਾਂ ਖ਼ਾਸ ਕਰਕੇ ਕੇਸਾਂ, ਕਿਰਪਾਨ ਤੇ ਦਸਤਾਰ ਬਾਰੇ ਨਵੇਂ ਤੋਂ ਨਵੇਂ ਵਿਵਾਦ ਪੈਦਾ ਹੋ ਰਹੇ ਹਨ। ਇਸ ਕਾਰਣ ਵਿਦੇਸ਼ੀ ਸਿੱਖ ਨੂੰ ਈਰਖਾ, ਨਫ਼ਰਤ, ਅਪਮਾਨ ਤੇ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇੱਥੋਂ ਤਕ ਕਿ ਕਈ ਵਿਦੇਸ਼ੀ ਸਿੱਖਾਂ ਉੱਪਰ ਕਾਤਿਲਾਨਾ ਹਮਲੇ ਵੀ ਹੋ ਚੁੱਕੇ ਹਨ। ਫਲਸਰੂਪ ਨਵੀਂ ਪੀੜ੍ਹੀ ਨੂੰ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਤੇ ਸਿੱਖੀ ਸਰੂਪ ਕਾਇਮ ਰੱਖਣ ਲਈ ਉਤਸ਼ਾਹਿਤ ਤੇ ਪ੍ਰੇਰਿਤ ਕਰਨ ਵਿਚ ਕਠਿਨਾਈਆਂ ਆ ਰਹੀਆਂ ਹਨ। ਭਾਰਤ ਅਤੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿਚ ਵੱਸਣ ਵਾਲੇ ਸਿੱਖ ਘੱਟ ਗਿਣਤੀ ਕੌਮ ਹਨ। ਵਿਦੇਸ਼ੀ ਤੇ ਅਨ-ਧਰਮਾਂ ਦੇ ਸਭਿਆਚਾਰ ਦਾ ਇਨ੍ਹਾਂ ਉੱਪਰ ਪ੍ਰਭਾਵ ਪੈਣਾ ਕੁਦਰਤੀ ਗੱਲ ਹੈ। ਅਜਿਹੇ ਮਾਹੌਲ ਵਿਚ ਸਿੱਖਾਂ ਵਰਗੀ ਇਕ ਘੱਟ ਗਿਣਤੀ ਕੌਮ ਨੂੰ ਆਪਣੇ ਧਰਮ, ਸਭਿਆਚਾਰ ਤੇ ਭਾਸ਼ਾ ਨੂੰ ਜਿੰਦਾ ਰੱਖਣਾ ਇਕ ਬਹੁਤ ਵੱਡੀ ਚੁਣੌਤੀ ਹੈ। ਆਧੁਨਿਕ ਸਮੇਂ ਵਿੱਚ ਸਿੱਖ ਪੰਥ ਦੀ ਨੌਜੁਆਨ ਪੀੜ੍ਹੀ ਨੂੰ ਇਸ ਸਿੱਖਿਆ ਤੇ ਸੰਚਾਰ ਦੇ ਮਸਲੇ ਨੂੰ ਨਜਿੱਠਣ ਲਈ ਪੰਥਕ ਤੌਰ ਤੇ ਕੋਈ ਵਿਉਂਤਬੰਦੀ ਕਰਨ ਦੀ ਲੋੜ ਹੈ। ਸਿੱਧ ਧਰਮ ਤੇ ਸਿਧਾਂਤਾਂ ਦੀ ਪਹਿਲ-ਤਾਜ਼ਗੀ ਤੇ ਮੌਲਿਕਤਾ ਵਿਚ ਗੰਧਲੇਪਣ ਨੂੰ ਰੋਕਣਾ ਅਤੇ ਪੰਥ ਦੀ ਸਮਾਜਿਕ ਏਕਤਾ ਤੇ ਧਾਰਮਿਕ ਤੌਰ 'ਤੇ ਸ਼ੁੱਧ ਸਰੂਪ ਨੂੰ ਕਾਇਮ ਰੱਖਣਾ ਆਧੁਨਿਕ ਯੁੱਗ ਵਿਚ ਸਿੱਖ ਪੰਥ ਲਈ ਬੜੇ ਗੰਭੀਰ ਮੁੱਦੇ ਹਨ। ਇਨ੍ਹਾਂ ਮੁੱਦਿਆਂ ਪ੍ਰਤੀ ਲਾਪਰਵਾਹੀ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਸਿੱਖ ਗੁਰੂ ਸਾਹਿਬਾਨ ਦੇ ਵਿਹਾਰਕ ਜੀਵਨ ਤੋਂ ਪ੍ਰੇਰਨਾ ਤੇ ਅਗਵਾਈ ਲੈ ਕੇ ਕੌਮੀ ਪੱਧਰ ਤੇ ਉਪਰਾਲੇ ਕਰਨੇ ਚਾਹੀਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਸਿੱਖ ਪੰਥ ਨੇ ਜਾਤ-ਪਾਤ, ਊਚ-ਨੀਚ, ਛੂਆ-ਛਾਤ, ਵਹਿਮ-ਭਰਮ, ਨਸਲ ਤੇ ਵਰਗ-ਵੰਡ ਤੋਂ ਮੁਕਤ ਇਕ ਨਵੀਂ ਸਮਾਜਿਕ-ਵਿਵਸਥਾ ਕਾਇਮ ਕਰਨੀ ਹੈ। ਇਸ ਵਿਚ ਜਾਤ, ਨਸਲ, ਧਰਮ, ਲਿੰਗ, ਭਾਸ਼ਾ ਆਦਿ ਉੱਪਰ ਆਧਾਰਿਤ ਵਿਤਕਰੇ ਨੂੰ ਕੋਈ ਸਥਾਨ ਨਹੀਂ। ਗੁਲਾਮੀ, ਬੇ-ਇਨਸਾਫ਼ੀ, ਅਤਿਆਚਾਰ, ਆਰਥਿਕ ਲੁੱਟ-ਖਸੁੱਟ, ਸਮਾਜਿਕ ਵਿਤਕਰੇ ਤੇ ਸੋਸ਼ਣ ਨੂੰ ਕੋਈ ਜਾਇਜ਼ਕਰਾਰੀ ਪ੍ਰਾਪਤ ਨਹੀਂ। ਸਿੱਖ ਪੰਥ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦਾ ਤਾਣ ਤੇ ਨਿਆਸਰਿਆਂ ਦੇ ਆਸਰੇ ਦਾ ਮੁੱਦਈ ਹੈ। ਇਸ ਦਾ ਉਦੇਸ਼ ਐਸਾ ਭਾਈਚਾਰਕ ਨਿਜ਼ਾਮ ਸਿਰਜਣਾ ਹੈ ਜਿਥੇ ਸਮਾਜਿਕ ਬਰਾਬਰੀ, ਭਰਾਤਰੀ-ਭਾਵ, ਪਰਉਪਕਾਰੀ, ਪ੍ਰੇਮ-ਪਿਆਰ, ਹੱਕ, ਸੱਚ, ਨੇਕੀ, ਇਨਸਾਫ ਵਰਗੀਆਂ ਉੱਚੀਆਂ ਕਦਰਾਂ-ਕੀਮਤਾਂ ਸਰਸ਼ਾਰ ਹੋਣ। ਇਹੋ ਜਿਹੀ ਸਮਾਜਿਕ ਵਿਵਸਥਾ ਕਾਇਮ ਕਰਨੀ ਹੈ ਜੋ ਸਚਮੁੱਚ 'ਹਲੇਮੀ ਰਾਜ' ਦਾ ਸੁਪਨਾ ਸਾਕਾਰ ਕਰੇ। ਸਾਰੇ ਸ਼ਹਿਰੀ ਬੇਗਾਨਗੀ ਨਹੀਂ ਬਲਕਿ 'ਸਭੇ ਸਾਂਝੀਵਾਲ ਸਦਾਇਨ' ਹੋਣ ਦਾ ਫਖਰ ਮਹਿਸੂਸ ਕਰਨ। ਉਪਰੋਕਤ ਮਿਸ਼ਨ ਹਾਲੇ ਵੀ ਅਧੂਰਾ ਹੈ। ਇਸ ਮਿਸ਼ਨ ਦੀ ਪ੍ਰਾਪਤੀ ਦਾ ਸਫ਼ਰ ਭਾਵੇਂ ਲੰਬਾ ਤੇ ਸੰਘਰਸ਼ਮਈ ਹੈ ਪਰ ਅਸੰਭਵ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਾਰੇ ਵਿਸ਼ਵ ਲਈ ਸਰਬ-ਸਾਂਝਾ ਹੈ। ਸਿੱਖ ਪੰਥ ਵਿਚ ਸ਼ਾਮਿਲ ਹਰ ਪੇਸ਼ਾਵਰ ਜਾਤ ਤੇ ਵਰਗ ਨੇ ਇਸ ਦੀ ਉੱਨਤੀ ਵਿਚ ਬੜਾ ਵਡਮੁੱਲਾ ਯੋਗਦਾਨ ਪਾਇਆ ਹੈ। ਭਾਵੇਂ ਸਿੱਖ ਧਰਮ ਦੀ ਸਮਾਜਿਕ ਵਿਵਸਥਾ

ਵਿਚ ਕਿਸੇ ਜਾਤ ਜਾਂ ਵਰਗ ਨੂੰ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਤੇ ਨਾ ਹੀ ਇਹ ਕਿਸੇ ਨਾਲ ਵਿਤਕਰੇ ਦੀ ਹਮਾਇਤ ਕਰਦਾ ਹੈ ਪਰ ਅਫਸੋਸ ਕਿ ਪੰਥ ਵਿਚ ਹਾਲੇ ਵੀ ਕਈ ਵਰਗ ਸਮਾਜਿਕ ਤੇ ਆਰਥਿਕ ਤੌਰ 'ਤੇ ਪਛੜੇ ਹੋਏ ਹਨ। ਅਖੌਤੀ ਨੀਵੀਆਂ ਜਾਤਾਂ ਤੇ ਕਬੀਲਿਆਂ ਦੇ ਲੋਕ ਹਾਲੇ ਵੀ ਸਮਾਜਿਕ ਨਾ-ਬਰਾਬਰੀ ਦਾ ਸ਼ਿਕਾਰ ਹਨ ਅਤੇ ਆਰਥਿਕ ਤੌਰ 'ਤੇ ਗਰੀਬੀ ਦਾ ਜੀਵਨ ਬਸਰ ਕਰਨ ਲਈ ਮਜ਼ਬੂਰ ਹਨ। ਆਧਨਿਕ ਯੁੱਗ ਵਿਚ ਇਨ੍ਹਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ, ਇਨ੍ਹਾਂ ਨੂੰ ਬਰਾਬਰੀ ਦਾ ਅਹਿਸਾਸ ਕਰਵਾਉਣਾ ਤੇ ਸਿੱਖ ਪੰਥ ਦੀ ਮੁੱਖ-ਧਾਰਾ ਵਿਚ ਯੋਗ ਤੇ ਸਹੀ ਸਥਾਨ ਦਿਵਾਉਣ ਲਈ ਨੇਕ-ਨੀਤੀ ਨਾਲ ਜੰਗੀ ਪੱਧਰ ਉੱਪਰ ਉਪਰਾਲੇ ਕਰਨ ਦੀ ਅਤਿ ਲੋੜ ਹੈ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸਤਿਕਾਰ ਹੀ ਨਹੀਂ ਦਿੱਤਾ ਬਲਕਿ ਇਸਤਰੀ-ਜਾਤ ਨਾਲ ਭਾਰਤ ਵਿਚ ਹੋ ਰਹੀ ਬੇ-ਇਨਸਾਫ਼ੀ ਤੇ ਵਿਤਕਰੇ ਦਾ ਵੀ ਵਿਰੋਧ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਔਰਤ ਨੂੰ ਮਰਦ ਦੇ ਈਮਾਨ ਦੀ ਰਖਵਾਲੀ ਦੱਸਿਆ। ਭਾਈ ਗੁਰਦਾਸ ਨੇ ਸਿੱਖਾਂ ਨੂੰ ਪਰਾਈ ਔਰਤ ਨਾਲ ਉਸ ਦੀ ਉਮਰ ਦੇ ਲਿਹਾਜ਼ ਅਨੁਸਾਰ ਵਿਹਾਰ ਕਰਨ ਭਾਵ ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੇ' ਦੀ ਤਾਕੀਦ ਕੀਤੀ। ਖ਼ਾਲਸਾ ਰਹਿਤ ਵਿਚ ਕੁੜੀ-ਮਾਰ ਨਾਲ ਨਾ-ਮਿਲਵਰਤਣ ਦਾ ਆਦੇਸ਼ ਦਰਜ਼ ਹੈ। ਅਫ਼ਸੋਸ ਹੈ ਕਿ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਆਪਣੇ ਇਤਿਹਾਸ ਤੋਂ ਕੋਈ ਸਬਕ ਨਹੀਂ ਲਿਆ। ਆਧੁਨਿਕ ਸਮੇਂ ਵਿਚ ਕੁੜੀ-ਮਾਰਾਂ ਨੇ ਭਰੂਣ ਹਤਿਆਵਾਂ ਕਰਕੇ ਸਿੱਖਾਂ ਦੀ ਆਬਾਦੀ ਵਿਚ ਔਰਤ ਮਰਦ ਦੇ ਅਨੁਪਾਤ ਵਿਚ ਗੰਭੀਰ ਕਿਸਮ ਦਾ ਅਸਾਵਾਂਪਣ ਪੈਦਾ ਕਰ ਦਿੱਤਾ ਹੈ। ਸਮਾਜ ਵਿਚ ਔਰਤਾਂ ਵਿਰੁੱਧ ਅਪਰਾਧਾਂ ਦੀ ਕੋਈ ਕਮੀ ਨਹੀਂ। ਹਰ ਰੋਜ਼ ਅਨੇਕਾਂ ਔਰਤਾਂ ਬੇ-ਪਤੀ, ਬਦਨਾਮੀ, ਬਦਸਲੂਕੀ, ਘਰੇਗੀ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਆਧੁਨਿਕ ਯੁੱਗ ਵਿਚ ਉਪਰੋਕਤ ਕਿਸਮ ਦੀਆ ਸਮਾਜਿਕ ਬੁਰਾਈਆਂ ਦੇ ਨਿਰੋਧ ਲਈ ਹੱਲ ਭਾਲਣ ਦੀ ਲੋੜ ਹੈ। ਅਸਲ ਵਿਚ ਇਸਤਰੀ ਜਾਤੀ ਦਾ ਉਥਾਨ ਸਿੱਖ ਪੰਥ ਦੇ ਉਜਵਲ ਭਵਿੱਖ ਦਾ ਜ਼ਾਮਨ ਹੈ। ਇਸ ਪ੍ਰਤੀ ਸਿੱਖ ਪੰਥ ਨੂੰ ਸੰਜੀਦਾ ਹੋ ਕੇ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ।

ਪਿਛਲੀ ਸਦੀ ਵਿਚ ਮਨੁੱਖ ਨੇ ਸਾਇੰਸ ਤੇ ਟੈਕਨਾਲੋਜੀ ਦੇ ਪੱਖੋਂ ਬੜੀ ਤਰੱਕੀ ਕੀਤੀ ਹੈ। ਇਸ ਨਾਲ ਮਨੁੱਖ ਦਾ ਇਸ ਸੰਸਾਰ ਉੱਪਰ ਜੀਵਨ ਬੜਾ ਸੁਖੀ, ਸਹਿਲ ਤੇ ਖੁਸ਼ਗਵਾਰ ਹੋ ਗਿਆ ਹੈ। ਪਰ ਦੂਜੇ ਪਾਸੇ ਬਦੀ ਦੇ ਹੋਰ ਅਨੇਕਾਂ ਰੂਪ ਪ੍ਰਗਟ ਹੋ ਗਏ ਹਨ। ਨੈਤਿਕ ਤੇ ਸਮਾਜਿਕ ਬਰਾਈਆਂ ਦੀ ਭਰਮਾਰ ਹੈ। ਜਨਤਕ ਜੀਵਨ ਵਿੱਚੋਂ ਨੈਤਿਕ ਤੇ ਅਧਿਆਤਮਿਕ ਕਦਰਾਂ-ਕੀਮਤਾਂ ਅਲੋਪ ਹੋ ਰਹੀਆਂ ਹਨ। ਬੇਈਮਾਨੀ, ਗਬਨ, ਰਿਸ਼ਵਤਖੋਰੀ ਤੇ ਠੱਗੀ-ਠੋਰੀ ਦੇ ਨਵੇਂ ਤੋਂ ਨਵੇਂ ਗੜਬੜ-ਘੋਟਾਲੇ ਉਜਾਗਰ ਹੋ ਰਹੇ ਹਨ। ਵਿਕਾਸਸ਼ੀਲ ਦੇਸ਼ਾਂ ਦੀ ਆਬਾਦੀ ਵਿਚ ਬੇ-ਤਹਾਸ਼ਾ ਵਾਧਾ ਹੋ ਗਿਆ ਹੈ। ਇਸ ਨਾਲ ਭੱਖਮਰੀ, ਗਰੀਬੀ, ਅਨਪੜ੍ਹਤਾ, ਬੇਰੋਜ਼ਗਾਰੀ ਆਦਿ ਸਮਾਜਿਕ ਬੁਰਾਈਆਂ ਨੂੰ ਠੱਲ੍ਹ ਨਹੀਂ ਪੈ ਰਹੀ । ਇਨ੍ਹਾਂ ਮੁਲਕਾਂ ਦੀ ਆਬਾਦੀ ਦਾ ਵੱਡਾ ਹਿੱਸਾ ਨਿਵਾਸ, ਖੁਰਾਕ, ਵਿਦਿਆ ਤੇ ਸਿਹਤ ਦੀਆਂ ਬੁਨਿਆਦੀ ਸਹੂਲਤਾਂ ਤੋਂ ਸੱਖਣਾ ਹੈ। ਨਸ਼ੀਲੇ ਪਦਾਰਥਾਂ ਦੇ ਸੇਵਨ ਵਿਚ ਵਾਧਾ ਹੋ ਰਿਹਾ ਹੈ। ਏਡਜ਼ ਵਰਗੀਆਂ ਲਾ-ਇਲਾਜ ਬੀਮਾਰੀਆਂ ਫੈਲ ਰਹੀਆਂ ਹਨ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਸਮਾਜਿਕ ਨਿਆਂ ਦੀ ਅਣਹੋਂਦ ਕਾਰਨ ਕਈ ਲੋਕ ਅਤਿਵਾਦ ਜਾਂ ਜਿਹਾਦ ਦੇ ਰਸਤੇ ਉੱਪਰ ਚਲ ਪਏ ਹਨ। ਇਨਸਾਫ਼ ਦੀ ਪ੍ਰਾਪਤੀ ਤੇ ਹੱਕਾਂ ਦੀ ਰਾਖੀ ਲਈ ਕੁਝ ਲੋਕ ਮਨੁੱਖੀ ਬੰਬ ਬਣਨ ਲੱਗ ਪਏ ਹਨ। ਇਹੋ ਜਿਹੇ ਲੋਕਾਂ ਦੇ ਸ਼ੰਕਿਆਂ ਨੂੰ ਨਵਿਰਤ ਕਰਕੇ ਉਨ੍ਹਾਂ ਦੇ ਦਿਲਾਂ ਨੂੰ ਜਿੱਤਣ ਦੀ ਲੋੜ ਹੈ। ਉਪਰੋਕਤ ਕਿਸਮ ਦੀਆਂ ਨੈਤਿਕ ਤੇ ਸਮਾਜਿਕ ਬੁਰਾਈਆਂ ਵਿਰੁੱਧ ਜਨਤਕ ਪੱਧਰ 'ਤੇ ਸੰਘਰਸ਼ ਛੇੜਨਾ ਚਾਹੀਦਾ ਹੈ। ਵਿਸ਼ਵ ਪੱਧਰ 'ਤੇ ਸਿਹਤਮੰਦ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨੀ ਤੇ ਆਦਰਸ਼ ਨਾਗਰਿਕ ਪੈਦਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਬੜਾ ਹੀ ਗੁਣਕਾਰੀ ਹੈ।

ਸਿੱਖ ਧਰਮ ਰੱਬੀ ਇਲਹਾਮ ਉੱਪਰ ਕਿਸੇ ਵੀ ਇਕ ਕੌਮ ਜਾਂ ਧਰਮ ਦੇ ਏਕਾਧਿਕਾਰ ਨੂੰ ਸਵੀਕਾਰ ਨਹੀਂ ਕਰਦਾ। ਕਿਸੇ ਕੌਮ ਦੇ ਧਾਰਮਿਕ ਅਧਿਕਾਰਾਂ ਨੂੰ ਕੁਚਲਣਾ ਤੇ ਹਾਕਮ ਸ਼੍ਰੇਣੀ ਦੇ ਧਰਮ ਵਿਚ ਹੋਰਨਾਂ ਨੂੰ ਪਰਵਰਤਿਤ ਕਰਨ ਲਈ ਰਾਜ ਸਤਾ ਦਾ ਪ੍ਰਯੋਗ ਕਰਨਾ, ਸਿੱਖ ਪੰਥ ਦਾ ਉਦੇਸ਼ ਨਹੀਂ। ਸਿੱਖ ਗੁਰੂ ਸਾਹਿਬਾਨ ਨੇ ਮੁਗ਼ਲ ਬਾਦਸ਼ਾਹਾਂ ਦੀ ਭਾਰਤ ਵਿਚ ਇੱਕ ਰੂਪ ਧਾਰਮਿਕ ਸਮਾਜਿਕ ਵਿਵਸਥਾ ਕਾਇਮ ਕਰਨ ਦੀ ਨੀਤੀ ਦਾ ਵਿਰੋਧ ਕੀਤਾ ਸੀ। ਉਹ ਭਾਰਤ ਵਿਚ ਬਹੁ-ਵਿਧ

ਧਾਰਮਿਕ ਵਿਵਸਥਾ ਦੇ ਹਮਾਇਤੀ ਸਨ। ਉਨ੍ਹਾਂ ਦੀ ਬਾਣੀ ਹਿੰਦੂ ਅਤੇ ਮੁਸਲਮਾਨਾਂ ਦੋਨਾਂ ਨੂੰ ਆਪੋ-ਆਪਣੇ ਧਾਰਮਿਕ ਅਕੀਦੇ ਅਨੁਸਾਰ ਨੇਕ ਇਨਸਾਨ ਬਣਨ ਦੀ ਪ੍ਰੇਰਨਾ ਕਰਦੀ ਹੈ। ਸਿੱਖ ਗੁਰੂਆਂ ਨੇ ਹਿੰਦੂ ਭਗਤਾਂ, ਜੋਗੀਆਂ, ਸਿਧਾਂ ਅਤੇ ਮੁਸਲਿਮ ਸੂਫ਼ੀਆਂ ਨਾਲ ਖੁਲ੍ਹੇਆਮ ਸੰਵਾਦ ਕਰਕੇ ਭਾਰਤ ਵਿਚ ਅੰਤਰ-ਧਰਮ ਸੰਵਾਦ ਦਾ ਇਕ ਨਵਾਂ ਇਤਿਹਾਸ ਰਚਿਆ। ਧਾਰਮਿਕ ਸੰਕੀਰਣਤਾ ਤੇ ਕੱਟੜਤਾ ਦੀ ਭਾਵਨਾ ਨੂੰ ਖਤਮ ਕਰਨ ਤੇ ਕਈ ਪ੍ਰਕਾਰ ਦੀਆਂ ਗਲਤ ਫ਼ਹਿਮੀਆਂ ਨੂੰ ਦੂਰ ਕਰਨ ਲਈ ਇਸ ਤਰ੍ਹਾਂ ਦਾ ਮੇਲ-ਮਿਲਾਪ ਬੜਾ ਕਾਰਗਰ ਸਿੱਧ ਹੋਇਆ।

ਅਜੋਕੇ ਯੁੱਗ ਵਿਚ ਧਰਮ ਦੇ ਨਾਮ ਹੇਠ ਅਨੇਕਾਂ ਝਗੜੇ ਤੇ ਫ਼ਸਾਦ ਹੋ ਰਹੇ ਹਨ। ਵਿਸ਼ਵ ਰਾਜਨੀਤੀ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਸਭਿਆਤਾਵਾਂ ਵਿਚਕਾਰ ਟਕਰਾਅ ਦਾ ਖਤਰਾ ਮੰਡਰਾ ਰਿਹਾ ਹੈ। ਭਵਿੱਖ ਵਿਚ ਐਸੇ ਟਕਰਾਅ ਨੂੰ ਟਾਲਣ ਲਈ ਅੰਤਰ ਧਰਮ ਸੰਬੰਧਾਂ ਵਿਚ ਸੁਧਾਰ ਦੀ ਜ਼ਰੂਰਤ ਹੈ। ਅੰਤਰ-ਧਰਮ ਸੰਵਾਦ ਰਾਹੀਂ ਸਹਿਹੋਂਦ ਦੀ ਭਾਵਨਾ ਨੂੰ ਜਾਗ੍ਰਿਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਡਲ ਸਾਰੇ ਵਿਸ਼ਵ ਲਈ ਪੱਥ ਪ੍ਰਦਰਸ਼ਕ ਬਣ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਕਾਲ ਪੁਰਖ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਉਪਰੰਤ ਕੁਦਰਤ ਦੀ ਸਾਜਨਾ ਕੀਤੀ। ਕਾਦਿਰ ਇਸ ਕੁਦਰਤ ਦੇ ਜ਼ਰੇ-ਜ਼ਰੇ ਵਿਚ ਮੌਜੂਦ ਹੈ। ਇਹ ਧਰਤੀ ਮਨੁੱਖ ਲਈ ਧਰਮਸਾਲ ਦੇ ਵਾਂਗ ਪੱਵਿਤਰ ਹੈ। ਇਸ ਦੀ ਸਾਂਭ-ਸੰਭਾਲ ਕਰਨਾ ਮਨੁੱਖ ਦਾ ਇਖਲਾਕੀ ਫਰਜ਼ ਹੈ। ਪਰ ਮਨੁੱਖ ਨੇ ਅਕਾਲ ਪੁਰਖ ਦੀ ਇਸ ਵਡਮੁੱਲੀ ਸੰਗਾਤ ਨੂੰ ਵੀ ਨਹੀਂ ਸੰਭਾਲਿਆ। ਕੁਦਰਤੀ ਵਸੀਲਿਆਂ ਦੀ ਅੰਧਾ-ਧੁੰਦ ਵਰਤੋਂ ਕਾਰਣ ਬਹੁਤ ਸਾਰੇ ਜੀਵ-ਜੰਤੂ, ਪਸ਼ੂ-ਪੰਛੀ, ਪੇੜ-ਪੌਦੇ ਤੇ ਜੜੀ ਬੂਟੀਆਂ ਧਰਤੀ ਤੋਂ ਅਲੋਪ ਹੋ ਰਹੇ ਹਨ। ਇਸ ਨਾਲ ਮੌਸਮ ਵਿਚ ਗੈਰ-ਕੁਦਰਤੀ ਬਦਲਾਅ ਆ ਰਿਹਾ ਹੈ। ਭੂਚਾਲ, ਸੁਨਾਮੀ, ਹੜ੍ਹ, ਤੂਫਾਨ ਆਦਿ ਕੁਦਰਤੀ ਆਫ਼ਤਾਂ ਕਹਿਰ ਬਰਸਾ ਰਹੀਆਂ ਹਨ। ਫਸਲਾਂ ਉੱਪਰ ਕੀਟ-ਨਾਸ਼ਕ ਦਵਾਈਆਂ ਦੀ ਵਰਤੋਂ ਨੇ ਫਲ, ਸਬਜ਼ੀਆਂ ਤੇ ਅਨਾਜ ਜ਼ਹਿਰੀਲੇ ਕਰ ਦਿੱਤੇ ਹਨ। ਉਦਯੋਗਾਂ ਨਾਲ ਜਿਥੇ ਵਿਕਾਸ ਨੂੰ ਹੁਲਾਰਾ ਮਿਲਿਆ ਹੈ ਉੱਥੇ ਇਸ ਦਾ ਵਾਤਾਵਰਣ ਉੱਪਰ ਵੀ ਬੜਾ ਬੁਰਾ ਪ੍ਰਭਾਵ ਪਿਆ ਹੈ। ਆਕਾਸ਼ ਵਿਚਲੀ ਓਜੋਨ ਦੀ (Ozone) ਪਰਤ ਵਿਚ ਛੇਦ ਹੋ ਗਿਆ ਹੈ। ਜਿਨ੍ਹਾਂ ਤੱਤਾਂ ਤੋਂ ਕਾਦਿਰ ਨੇ ਸ੍ਰਿਸ਼ਟੀ ਨੂੰ ਸਾਜਿਆ ਹੈ, ਉਹ ਸਾਰੇ ਮਨੁੱਖ ਨੇ ਪ੍ਰਦੂਸ਼ਤ ਕਰ ਦਿੱਤੇ ਹਨ। ਰੌਲੇ-ਰੱਪੇ ਤੇ ਸ਼ੋਰ-ਸ਼ਰਾਬੇ ਨੇ ਚੌਗਿਰਦਾ ਅਸ਼ਾਂਤ ਕਰ ਦਿੱਤਾ ਹੈ। ਸਮੁੱਚਾ ਵਾਤਾਵਰਣ ਅਜਿਹਾ ਪ੍ਰਦੂਸ਼ਿਤ ਹੋ ਗਿਆ ਹੈ ਕਿ ਸ਼ੁਧ ਹਵਾ ਤੇ ਪਾਣੀ ਵੀ ਨਸੀਬ ਨਹੀਂ ਹੋ ਰਿਹਾ। ਇਸ ਨਾਲ ਮਨੁੱਖ ਦਾ ਇਸ ਧਰਤੀ ਉੱਪਰ ਭਵਿੱਖ ਗਹਿਰੇ ਸੰਕਟ ਵਿਚ ਹੈ। ਵਾਤਾਵਰਣ ਵਿਚ ਪੈਦਾ ਹੋਏ ਪ੍ਰਦੂਸ਼ਣ ਤੇ ਅਸਾਂਵੇਪਣ ਦੇ ਸੰਕਟ ਨਾਲ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਦੀ ਰੌਸ਼ਨੀ ਵਿਚ ਬਾ-ਖ਼ੂਬੀ ਨਿਪਟ ਸਕਦੇ ਹਾਂ।

ਆਧੁਨਿਕ ਯੁੱਗ ਦੇ ਇਹ ਕੁਝ ਅਜਿਹੇ ਭਖ਼ਦੇ ਮਸਲੇ ਹਨ ਜਿਨ੍ਹਾਂ ਦੀ ਨਵਿਰਤੀ ਕਰਨੀ ਹੋਵੇਗੀ। ਇਨ੍ਹਾਂ ਬਾਰੇ ਬੇ-ਰੁਖੀ ਜਾਂ ਲਾਪਰਵਾਹੀ ਨਹੀਂ ਬਲਕਿ ਸੰਜੀਦਾ ਹੋਣ ਦੀ ਲੋੜ ਹੈ।

ਇਨ੍ਹਾਂ ਵਿਚੋਂ ਕੁਝ ਦਾ ਸੰਬੰਧ ਸਿੱਖ ਪੰਥ ਨਾਲ ਤੇ ਕੁਝ ਸਮੁੱਚੇ ਵਿਸ਼ਵ ਨਾਲ ਸੰਬੰਧਿਤ ਹਨ। ਇਨ੍ਹਾਂ ਦੇ ਸਮਾਧਾਨ ਲਈ ਸਕਾਰਾਤਮਕ ਯਤਨ ਤੇ ਵਿਉਂਤਬੰਦੀ ਕਰਨਾ ਸਮੇਂ ਦੀ ਲੋੜ ਹੈ। ਯੂ.ਐਨ.ਓ. ਵਰਗੀਆਂ ਕੌਮਾਂਤਰੀ ਜਥੇਬੰਦੀਆਂ ਇਨ੍ਹਾਂ ਨੂੰ ਸੁਲਝਾਉਣ ਲਈ ਵਿਚਾਰ-ਵਿਮਰਸ਼ ਵਿਚ ਵਿਅਸਤ ਹਨ। ੩੦੦ ਸਾਲਾ ਗੁਰਤਾ-ਗੱਦੀ ਸਮੇਂ ਕੌਮਾਂਤਰੀ ਪੱਧਰ ਉੱਪਰ ਵਿਚਾਰ-ਵਟਾਂਦਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਪ੍ਰਸਤੁਤ ਕਰਨਾ ਤੇ ਅਜੋਕੇ ਯੁੱਗ ਵਿਚ ਸਮੁੱਚੀ ਮਾਨਵਤਾ ਨੂੰ ਦਰਪੇਸ਼ ਸੰਕਟ ਨਾਲ ਨਜਿਠਣ ਲਈ ਇਸ ਦੀ ਪ੍ਰਸੰਗਿਕਤਾ ਨੂੰ ਉਜਾਗਰ ਕਰਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਆਦਰਸ਼ ਉੱਤੇ ਅਮਲ ਕਰਨਾ ਸਿੱਖ ਪੰਥ ਦਾ ਕੌਮੀ ਤੇ ਇਖਲਾਕੀ ਫਰਜ਼ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵਿਸ਼ਵੀਕਰਣ

ਡਾ. ਦਰਸ਼ਨ ਸਿੰਘ

ਵਿਸ਼ਵੀਕਰਣ ਦੀ ਪ੍ਰਕ੍ਰਿਆ ਇੱਕੋ ਸਮੇਂ ਫੈਲਾਅ ਤੇ ਸੁੰਗੜਨ ਦੇ ਆਪਾ ਵਿਰੋਧੀ ਪ੍ਰਕਾਰਜ ਦੀ ਸੂਚਕ ਹੈ। ਫੈਲਾਅ ਵਿਸ਼ਵ ਸਬੰਧੀ ਸਾਡੇ ਸੀਮਤ ਰਵਾਇਤੀ ਗਿਆਨ ਦਾ ਹੋਇਆ ਹੈ ਅਤੇ ਸੁੰਗੇੜ ਭੂਗੋਲਿਕ ਤੇ ਕਾਲਕ ਦੂਰੀਆਂ ਤੇ ਵਿੱਥਾਂ ਦਾ ਹੋਇਆ ਹੈ। ਦੇਸ਼ ਤੇ ਵਿਦੇਸ਼, ਅਪਣਤ ਤੇ ਬੇਗਾਨਗੀ, ਨੇੜਤਾ ਤੇ ਦੂਰੀ ਦੇ ਰਵਾਇਤੀ ਵਿਰੋਧੀ ਭਾਵਾਂ ਦੀ ਤਰਜਮਾਨੀ ਕਰਨ ਵਾਲੇ ਸ਼ਬਦ ਰਵਾਇਤੀ ਅਰਥਾਂ ਤੋਂ ਸਖਣੇ ਹੋ ਬੈਠੇ ਹਨ। ਮੇਰ ਤੇਰ ਦੀ ਭਾਵਨਾ ਤੋਂ ਉਤਪੰਨ ਕੈਦਾਂ ਹੱਦਬੰਦੀਆਂ ਢਹਿ ਢੇਰੀ ਹੋ ਚੁੱਕੀਆਂ ਹਨ। ਸਮੁੱਚਾ ਵਿਸ਼ਵ ਇੱਕ ਅਖੰਡ ਇਕਾਈ ਦੇ ਰੂਪ ਵਿਚ ਨਿਖਰ ਕੇ ਸਾਹਮਣੇ ਆਇਆ ਹੈ। ਵਿਸ਼ਵੀਕਰਣ ਦੀ ਪ੍ਰਕ੍ਰਿਆ ਨੇ ਵਿਸ਼ਵ ਦੀ ਇਕਾਈ ਦੀ ਮੰਜ਼ਿਲ ਸਾਧ ਕੇ ਬ੍ਰਹਮੰਡ ਦੀ ਇਕਾਈ ਦੇ ਭੇਦ ਜਾਣਨ ਦਾ ਰਾਹ ਫੜ ਲਿਆ ਹੈ। ਵਿਸ਼ਵ-ਪਿੰਡ, ਵਿਸ਼ਵ-ਭਾਈਚਾਰਾ, ਵਿਸ਼ਵ-ਸਭਿਆਚਾਰ, ਵਿਸ਼ਵ-ਵਿਵਸਥਾ, ਵਿਸ਼ਵ-ਆਰਥਿਕਤਾ ਆਦਿ ਸ਼ਬਦ ਹੁਣ ਨਿੱਤ ਵਰਤੋਂ ਦੇ ਸ਼ਬਦ ਬਣ ਚੁੱਕੇ ਹਨ। ਪ੍ਰਸਿੱਧ ਸਮਾਜ ਵਿਗਿਆਨੀ Roland Robertson ਆਪਣੀ ਪੁਸਤਕ Globalization ਵਿੱਚ ਉਪਰੋਕਤ ਧਾਰਨਾ ਦੀ ਪੁਸ਼ਟੀ ਕਰਦੇ ਲਿਖਦੇ ਹਨ ਕਿ "ਵਿਸ਼ਵੀਕਰਣ ਇੱਕ ਵਿਚਾਰ ਦੇ ਤੌਰ ਤੇ ਵਿਸ਼ਵ ਦੇ ਸੁੰਗੜਨ ਅਤੇ ਵਿਸ਼ਵ ਇਕਾਈ ਦੀ ਭਾਵਨਾ ਦੀ ਤੀਬਰਤਾ ਦੋਹਾਂ ਅਰਥਾਂ ਦਾ ਲਖਾਇਕ ਹੈ।" (ਪੰਨਾ ੮) ਇਹ ਦੂਰੀਆਂ ਤੇ ਵਿਥਾਂ ਬਾਹਰੀ ਸਨ ਤੇ ਬਾਹਰੀ ਗਿਆਨ ਦੇ ਸਾਧਨਾਂ-ਵਿਗਿਆਨ ਤੇ ਸ਼ਿਲਪ ਵਿਗਿਆਨ-ਨਾਲ ਸਿਮਟ ਕੇ ਸਮਾਪਤ ਹੋ ਗਈਆਂ।

ਵਿਸ਼ਵੀਕਰਣ ਦੀ ਪ੍ਰਕ੍ਰਿਆ ਦੇ ਸਿੱਟੇ ਵਜੋਂ ਧਰਤੀ ਤੇ ਵਸਦੇ ਮਨੁੱਖ ਤੇ ਮਨੁੱਖੀ ਸਮਾਜਾਂ ਦੇ ਜਿਊਣ ਥੀਣ ਦਾ ਪ੍ਰਸੰਗ ਹੀ ਬਦਲ ਗਿਆ ਹੈ। ਰਵਾਇਤੀ ਕਬਾਇਲੀ ਅਤੇ ਕਬੀਲਾ ਸਮੂਹਾਂ ਵਿੱਚ ਜੀਵਨ ਆਪਣੇ ਕਬੀਲੇ ਸਮੂਹ ਦੇ ਧਾਰਮਿਕ ਵਿਸ਼ਵਾਸਾਂ ਕਦਰਾਂ-ਕੀਮਤਾਂ ਅਤੇ ਸੱਭਿਆਚਾਰਕ ਰੀਤੀ ਰਿਵਾਜ਼ਾਂ ਅਨੁਸਾਰ ਹੀ ਜਿਊਇਆ ਜਾ ਸਕਦਾ ਸੀ। ਵਿਸ਼ਵੀਕਰਣ ਦੇ ਪ੍ਰਭਾਵ ਕਾਰਨ ਕਬੀਲਿਆਂ ਸਮਾਜਾਂ, ਧਰਮਾਂ, ਰਾਸ਼ਟਰਾਂ ਦੇ ਹੱਦਾਂ ਬੰਨਿਆਂ ਦੀ ਪਕੜ ਢਿੱਲੀ ਹੋ ਗਈ ਹੈ ਅਤੇ ਵੱਖਰੇ ਵਿਸ਼ਵਾਸ਼ਾਂ, ਸੱਭਿਆਚਾਰਾਂ ਅਨੁਸਾਰ ਜੀਵਨ ਬਸਰ ਕਰਦੇ ਸਮਾਜਾਂ, ਧਰਮਾਂ, ਰਾਸ਼ਟਰਾਂ ਦਾ ਇੱਕ ਦੂਜੇ ਦੇ ਜੀਵਨ ਵਿੱਚ ਦਖਲ ਤੇ ਅੰਤਰ-ਨਿਰਭਰਤਾ ਬਹੁਤ ਜ਼ਿਆਦਾ ਮਾਤਰਾ ਵਿੱਚ ਵੱਧ ਗਈ ਹੈ।

ਹੁਣ ਵਿਚਾਰਨ ਵਾਲੀ ਸਮੱਸਿਆ ਇਹ ਹੈ ਕਿ ਵਿਸ਼ਵੀਕਰਣ ਦੀ ਪ੍ਰਕ੍ਰਿਆ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਆਧਾਰਤ ਸਿੱਖ ਧਰਮ ਲਈ ਕੀ ਪ੍ਰਭਾਵ ਹੋ ਸਕਦੇ ਹਨ? ਇਸ ਤੱਥ ਨੂੰ ਤਾਂ ਸਹਿਜੇ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ ਕਿ ਵਰਤਮਾਨ ਵਿਸ਼ਵ ਦੀ ਏਕੀਕਰਣ ਦੀ ਪ੍ਰਕ੍ਰਿਆ ਬਹੁਤ ਕਰਕੇ ਵਿਗਿਆਨ ਤੇ ਸ਼ਿਲਪ-ਵਿਗਿਆਨ ਦੀਆਂ ਕਾਢਾਂ ਕਰਕੇ ਹੈ। ਜਿਸਦੇ ਪਿਛੋਕੜ ਵਿੱਚ ਧਰਮ-ਨਿਰਪੇਖ ਤਾਰਕਿਕਤਾ ਕੰਮ ਕਰ ਰਹੀ ਹੈ। ਮੋਟੇ ਤੌਰ ਤੇ ਅਸੀਂ ਆਖ ਸਕਦੇ ਹਾਂ ਕਿ ਇਸ ਏਕੀਕਰਣ ਦੀ ਪ੍ਰਕ੍ਰਿਆ ਦੇ ਮੂਲ ਆਧਾਰ ਤਾਰਕਿਕ, ਵਿਗਿਆਨਿਕ, ਵਸਤੂਗਤ ਵੱਧ ਅਤੇ ਆਤਮਿਕ, ਧਾਰਮਿਕ ਤੇ ਵਿਅਕਤੀਗਤ ਘੱਟ ਹਨ।

ਵਿਸ਼ਵੀਕਰਣ ਦੀ ਪ੍ਰਕ੍ਰਿਆ ਆਧੁਨਿਕੀਕਰਣ ਤੇ ਅੰਤਰਰਾਸ਼ਟਰੀ ਰਿਸ਼ਤਿਆਂ ਨਾਲ ਜੁੜੀ ਹੋਈ ਹੈ। ਰਿਸ਼ਤਿਆਂ ਦੀ ਦੁਨੀਆਂ ਧਰਮਾਂ ਦੇ ਪ੍ਰਭਾਵ ਖੇਤਰ ਦੀ ਦੁਨੀਆ ਹੈ। ਧਰਮ ਉਹ ਹੈ ਜੋ ਧਰਵਾਸ/ਆਸਰਾ ਦੇਵੇ ਅਤੇ ਧਰਮ ਉਹ ਹੈ ਜੋ (ਰਿਸ਼ਤਿਆਂ) ਵਿੱਚ ਬੰਨ੍ਹਦਾ ਹੈ। ਧਰਮ ਦੇ ਇਨ੍ਹਾਂ ਨਿਰੁਕਤੀਮੂਲਕ ਅਰਥਾਂ ਅਨੁਸਾਰ ਹੀ ਧਰਮ ਤੇ ਵਿਸ਼ਵੀਕਰਣ ਦਾ ਆਪਸੀ ਨੇੜਤਾ ਵਾਲਾ ਸਬੰਧ ਪ੍ਰਗਟ ਹੋ ਜਾਂਦਾ ਹੈ। ਇਸ ਦੇ ਨਾਲ ਹੀ ਵਿਸ਼ਵੀਕਰਣ ਦੇ ਧਾਰਮਿਕ ਵਿਸ਼ਵਾਸਾਂ, ਅਮਲਾਂ ਤੇ ਸੰਸਥਾਵਾਂ ਲਈ ਵਿਆਪਕ ਤੇ ਦੂਰਵਰਤੀ ਪ੍ਰਭਾਵ ਵੀ ਪਛਾਣੇ ਜਾ ਸਕਦੇ ਹਨ। ਉਦਾਹਰਣ ਲਈ ਸਮੂਹਾਂ, ਕਬੀਲਿਆਂ,

ਰਾਸ਼ਟਰਾਂ ਤੇ ਸੱਭਿਆਤਾਵਾਂ ਦੀ ਵਿਲੱਖਣ ਪਛਾਣ ਉਨ੍ਹਾਂ ਅੰਦਰ ਵਿਆਪਤ ਧਰਮ ਅਤੇ ਸੱਭਿਆਚਾਰਾਂ ਨਾਲ ਨੇੜਤਾ ਦੇ ਰਿਸ਼ਤੇ ਵਿੱਚ ਬੱਝੀ ਹੁੰਦੀ ਹੈ। ਵਿਸ਼ਵੀਕਰਨ ਦੀ ਪ੍ਰਕਿਆ ਅਜਿਹੀਆਂ ਵਿਲੱਖਣ ਪਹਿਚਾਣਾਂ ਲਈ ਖਤਰਨਾਕ ਸਾਬਤ ਹੋ ਰਹੀ ਹੈ ਕਿਉਂਕਿ ਏਕੀਕਰਣ ਦੀ ਪ੍ਰਕ੍ਰਿਆ ਰਾਹੀਂ ਵਿਲੱਖਣ ਪਛਾਣ ਦੀ ਪਰਵਾਹ ਦਿਨੋ ਦਿਨ ਘੱਟ ਰਹੀ ਹੈ।

ਸਮਾਜਿਕ ਪ੍ਰੀਵਰਤਨ ਤੇ ਵਿਸ਼ਵੀਕਰਨ ਦੀ ਪ੍ਰਕ੍ਰਿਆ ਦਾ ਨੀਝ ਨਾਲ ਨਿਰੀਖਣ ਕਰਨ ਵਾਲੇ ਸਮਾਜ ਵਿਗਿਆਨੀਆਂ ਨੇ ਇਸ ਅੰਦਰ ਵਿਆਪਤ ਦੋ ਸੰਭਾਵਨਾਵਾਂ ਦੀ ਪਛਾਣ ਦੱਸੀ ਹੈ । Peter Beyer 'Religion and Globalization' ਵਿਚ ਇਨ੍ਹਾਂ ਦੋ ਸੰਭਾਵਨਾਵਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਪਹਿਲੀ ਸੰਭਾਵਨਾ ਤਾਂ ਇਹੀ ਹੈ ਕਿ ਵਿਸ਼ਵੀਕਰਨ ਦੀ ਪ੍ਰਕ੍ਰਿਆ ਵੱਖਰੇ ਵੱਖਰੇ ਸਮਾਜਾਂ, ਰਾਸ਼ਟਰਾਂ ਦੇ ਵਖਰੇਵਿਆਂ, ਹੱਦਾਂ ਬੰਨਿਆ ਦੀ ਪਕੜ ਨੂੰ ਕਮਜ਼ੋਰ ਕਰਕੇ ਵਿਸ਼ਵ ਦੇ ਏਕੀਕਰਣ ਦੀ ਪ੍ਰਕ੍ਰਿਆ ਨੂੰ ਤੇਜ਼ ਕਰ ਰਹੀ ਹੈ। ਦੂਜੇ ਇਸ ਦੇ ਨਾਲ ਹੀ ਪੁਰਾਤਨ ਤੇ ਰਵਾਇਤੀ ਸੱਭਿਆਚਾਰਕ, ਧਾਰਮਿਕ ਤੇ ਰਾਸ਼ਟਰੀ ਵਿਲੱਖਣ ਪਛਾਣਾਂ ਨੂੰ ਮਜ਼ਬੂਤ ਕਰਕੇ ਮੂਲਵਾਦੀ ਦ੍ਰਿਸ਼ਟੀਕੋਣਾਂ ਦੇ ਉਭਾਰ ਵਿਚ ਵੀ ਯੋਗਦਾਨ ਪਾ ਰਹੀ ਹੈ। ਵਿਸ਼ਵ ਦਾ ਏਕੀਕਰਣ ਤੇ ਮੂਲਵਾਦ ਦਾ ਉਤਾਰ ਨਾਲੋਂ ਨਾਲ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਸਬੰਧਾਂ ਦੇ ਪ੍ਰਸੰਗ ਵਿੱਚ ਬਹੁਜਾਤੀਵਾਦ (Polyethnicity) ਅਤੇ ਸੱਭਿਆਚਾਰਕ ਅਨੇਕਤਾ (Multiculturality) ਦੇ ਤੱਥਾਂ ਦਾ ਪ੍ਰਭਾਵ ਵੱਧ ਰਿਹਾ ਹੈ। ਅੰਤਰਰਾਸ਼ਟਰੀ ਸਬੰਧਾਂ ਦੇ ਪਿਛੋਕੜ ਵਿੱਚ ਧਰਮ ਦੇ ਵੱਧਦੇ ਪ੍ਰਭਾਵ ਤੇ ਟਿੱਪਣੀ ਕਰਦਿਆਂ Roland Robertson ਕਹਿੰਦੇ ਹਨ ਕਿ ਉਨ੍ਹੀਵੀਂ ਸਦੀ ਤੇ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਧਰਮ ਨੇ ਰਾਸ਼ਟਰੀ ਸਮਾਜਾਂ ਦੇ ਨਿਰਮਾਣ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਦੇ ਨਿਰਧਾਰਨ ਵਿਚ ਬੁਨਿਆਦੀ ਮਹੱਤਵ ਵਾਲੀ ਭੂਮਿਕਾ ਨਿਭਾਈ ਹੈ। (ਪੰਨਾ ੨) ਉਹ ਅੱਗੇ ਲਿਖਦੇ ਹਨ ਕਿ ਵੀਹਵੀਂ ਸਦੀ ਦੇ ਸੱਤਵੇ ਦਹਾਕੇ ਦੇ ਅੰਤ ਵਿਚ ਅੱਠਵੇਂ ਦਹਾਕੇ ਦੇ ਸ਼ੁਰੂ ਵਿਚ, ਸਮੁੱਚੇ ਵਿਸ਼ਵ ਵਿਚ ਇੱਕੋ ਸਮੇਂ ਮੂਲਵਾਦ ਦਾ ਉਭਾਰ ਅਤੇ 'ਚਰਚ ਤੇ ਰਾਜ', 'ਧਰਮ ਤੇ ਰਾਜਨੀਤੀ' ਦਾ ਵੱਧਦਾ ਟਕਰਾਅ ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਇਨ੍ਹਾਂ ਨੂੰ ਵਿਸ਼ਵ ਪੱਧਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ।

ਇਸ ਚਲਦੇ ਪ੍ਰਸੰਗ ਵਿਚ ਦੋ ਹੋਰ ਮਹੱਤਵਪੂਰਨ ਤੱਥਾਂ ਦਾ ਜ਼ਿਕਰ ਕਰ ਦੇਣਾ ਜ਼ਰੂਰੀ ਜਾਪਦਾ ਹੈ। ਜਿਵੇਂ ਕਿ ਪਹਿਲਾਂ ਵੀ ਇਸ਼ਾਰਾ ਕੀਤਾ ਗਿਆ ਹੈ ਕਿ ਵਰਤਮਾਨ ਵਿਸ਼ਵੀਕਰਣ ਦੀ ਪ੍ਰਕ੍ਰਿਆ ਪਿੱਛੇ ਵਿਗਿਆਨ ਤੇ ਸ਼ਿਲਪ-ਵਿਗਿਆਨ ਦੀਆਂ ਪ੍ਰਾਪਤੀਆਂ ਹਨ ਜੋ ਧਰਮ ਨਿਰਪੱਖ ਤਾਰਕਿਕਤਾ ਤੇ ਆਧਾਰਤ ਹਨ। ਦੂਜੇ ਵਿਸ਼ਵੀਕਰਣ ਦੀ ਪ੍ਰਕ੍ਰਿਆ ਵਿੱਚ ਤੇਜ਼ੀ ਲਿਆਉਣ ਵਾਲੇ ਸਾਧਨਾਂ ਉੱਤੇ ਵਿਸ਼ਵ-ਰਾਜਨੀਤੀ, ਵਿਸ਼ਵ ਆਰਥਿਕਤਾ ਵਿੱਚ ਹਾਵੀ ਮੁਲਕਾਂ ਦਾ ਕਬਜ਼ਾ ਹੈ। ਘੱਟ ਗਿਣਤੀ ਜਾਤਾਂ, ਧਰਮਾਂ ਅਤੇ ਘੱਟ ਵਿਕਸਿਤ ਰਾਸ਼ਟਰਾਂ ਦਾ ਵਿਸ਼ਵੀਕਰਣ ਦੀ ਪ੍ਰਕ੍ਰਿਆ ਦੀ ਦਿਸ਼ਾ ਅਤੇ ਇਸਦੇ ਸਰੂਪ ਨੂੰ ਪ੍ਰਭਾਵਿਤ ਤੇ ਨਿਰਧਾਰਤ ਕਰਨ ਵਿੱਚ ਕੋਈ ਵਿਸ਼ੇਸ਼ ਯੋਗਦਾਨ ਨਹੀਂ। ਇਸ ਤਰ੍ਹਾਂ ਉਹ ਵਿਸ਼ਵੀਕਰਣ ਦੀ ਪ੍ਰਕ੍ਰਿਆ ਵਿਚ ਆਪਣੇ ਸੀਮਤ ਪ੍ਰਭਾਵ ਖੇਤਰ ਵਾਲੇ ਖਿੱਤੇ ਵਿਚ ਸੀਮਤ (Marginalize and Contexualise) ਕੀਤੇ ਜਾ ਰਹੇ ਹਨ। ਉਹਨਾਂ ਦੀਆਂ ਜਾਤੀਗਤ, ਸੱਭਿਆਚਾਰਕ ਤੇ ਧਾਰਮਿਕ ਮਾਨਤਾਵਾਂ ਤੇ ਵਿਲੱਖਣਤਾਂ ਨੂੰ ਅਣਡਿੱਠ ਤੇ ਅਣਗੋਲਿਆਂ ਕੀਤਾ ਜਾ ਰਿਹਾ ਹੈ। ਵਿਸ਼ਵੀਕਰਨ ਦੀ ਪ੍ਰਕ੍ਰਿਆ ਸਬੰਧੀ ਦੂਜਾ ਮਹੱਤਵਪੂਰਨ ਤੱਥ ਇਹ ਹੈ ਕਿ ਵਿਸ਼ਵੀਕਰਨ ਸਮੁੱਚੇ ਵਿਸ਼ਵ ਨੂੰ ਇੱਕ ਇਕਾਈ ਦੇ ਰੂਪ ਵਿਚ ਵਿਵਸਥਿਤ ਕਰਨ ਦਾ ਯਤਨ ਹੈ। ਇਹ ਸਪੱਸ਼ਟ ਹੀ ਹੈ ਕਿ ਅਜਿਹੀ ਵਿਵਸਥਾ ਮੁੱਖ ਰੂਪ ਵਿਚ ਤਾਰਕਿਕ ਵਿਵਸਥਾ ਹੀ ਹੈ ਜਿਸ ਵਿਚੋਂ ਧਾਰਮਿਕ, ਸੱਭਿਆਚਰਕ ਵਖਰੇਵੇਂ ਅਤੇ ਵੱਖਰੀਆਂ ਪਛਾਣਾਂ ਦੀ ਅਣਦੇਖੀ ਹੋਣੀ ਲਗਪਗ ਯਕੀਨੀ ਜਾਪਦੀ ਹੈ। ਵਿਸ਼ਵੀਕਰਨ ਤੇ ਵੱਖਰੀ ਪਹਿਚਾਣ ਵਾਲੇ ਧਰਮਾਂ, ਸੱਭਿਆਚਾਰਾਂ ਦੇ ਅਪਾਸੀ ਤਣਾਅ ਪਿੱਛੇ ਇਹ ਬੁਨਿਆਦੀ ਸਮੱਸਿਆ ਹੈ ਕਿ ਵਿਸ਼ਵ ਦੀ ਵਿਵਸਥਾ ਤਾਰਕਿਕ ਵਿਧੀਆਂ ਦੇ ਅਨੁਰੂਪ ਹੋਵੇ ਜਾਂ ਧਾਰਮਿਕ ਵਿਸ਼ਵਾਸਾਂ ਦੇ? ਜੇਕਰ ਧਾਰਮਿਕ ਵਿਸ਼ਵਾਸਾਂ ਦੀ ਭੂਮਿਕਾ ਨੂੰ ਪ੍ਰਵਾਨ ਕਰ ਵੀ ਲਿਆ ਜਾਵੇ ਤਾਂ ਧਾਰਮਿਕ ਅਨੇਕਤਾ (Religious Diversity) ਦੀ ਸਮੱਸਿਆ ਉੱਥੇ ਦੀ ਉੱਥੇ ਰਹਿੰਦੀ ਹੈ। ਅਜਿਹੀ ਸਥਿਤੀ ਵਿੱਚ ਵਿਕਸਿਤ ਅਰਥ ਵਿਵਸਥਾ ਵਾਲੇ ਅਤੇ ਵਿਸ਼ਵ ਰਾਜਨੀਤੀ ਤੇ ਭਾਰੂ ਮੁਲਕ ਘੱਟ ਵਿਕਸਿਤ ਦੇਸ਼ਾਂ, ਸਮਾਜਾਂ ਦੇ ਧਰਮਾਂ ਅਤੇ ਸੱਭਿਆਚਾਰਾਂ ਦੀ ਅਣਦੇਖੀ ਕਰਕੇ ਆਪਣੇ ਧਰਮ ਅਤੇ ਪ੍ਰਭੁਸੱਤਾ ਦੇ ਪਸਾਰ ਦਾ ਯਤਨ ਕਰਨਗੇ। ਇਹ ਸੱਭਿਆਚਾਰਕ

ਸਾਮਰਾਜਵਾਦ (Cultural Imperialism) ਦਾ ਹੀ ਦੂਜਾ ਨਾਂ ਹੈ। ਇਸ ਭਾਂਤ ਦੀ ਵਿਸ਼ਵ ਵਿਵਸਥਾ ਜਾਂ ਪ੍ਰਬੰਧ ਵੀ ਆਪਸੀ ਟਕਰਾਅ ਜਾਂ ਵਿਵਾਦਾਂ ਤੋਂ ਮੁਕਤ ਨਹੀਂ ਹੋਵੇਗਾ। ਵਰਤਮਾਨ ਸਮੇਂ ਵਿਚ ਵਿਸ਼ਵ ਦੀ ਏਕੀਕਰਨ ਦੀ ਪ੍ਰਕ੍ਰਿਆ ਦੇ ਨਾਲ-ਨਾਲ ਮੂਲਵਾਦ ਤੇ ਧਰਮ ਤੇ ਰਾਜਨੀਤੀ ਦੇ ਨਿੱਤ ਵੱਧਦੇ ਤਣਾਅ ਪਿੱਛੇ ਉਪਰੋਕਤ ਕਾਰਣ ਕ੍ਰਿਆਸ਼ੀਲ ਹਨ।

ਵਿਸ਼ਵ ਪ੍ਰਸਿੱਧ ਰਾਜਨੀਤੀ ਵਿਗਿਆਨੀ Samuel P. Huntington ਆਪਣੀ ਬਹੁ-ਚਰਚਿਤ ਪੁਸਤਕ The Clash of civilizations and remarking of the world order ਵਿੱਚ ਵਿਸ਼ਵ-ਰਾਜਨੀਤੀ ਵਿੱਚ ਨਵੇਂ ਝੁਕਾਵਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ:

> "ਆਧੁਨਿਕੀਕਰਨ ਤੋਂ ਪ੍ਰੇਰਿਤ ਵਿਸ਼ਵ-ਰਾਜਨੀਤੀ ਸੱਭਿਆਚਰਕ ਨੀਹਾਂ ਤੇ ਪੁਨਰ ਸੰਗਠਿਤ ਕੀਤੀ ਜਾ ਰਹੀ ਹੈ। ਸਮਾਨ ਸੱਭਿਆਚਾਰਾਂ ਵਾਲੇ ਲੋਕ ਤੇ ਰਾਸ਼ਟਰ ਵੱਖ ਹੋ ਰਹੇ ਹਨ। ਵਿਚਾਰਧਾਰਾ ਤੇ ਮਹਾਂਸ਼ਕਤੀ ਤੇ ਅਧਾਰਿਤ ਗੱਠ-ਜੋੜ, ਸੱਭਿਆਚਾਰ ਤੇ ਸੱਭਿਆਤਾਵਾਂ ਤੇ ਅਧਾਰਿਤ ਗੱਠ-ਜੋੜ ਵਿੱਚ ਬਦਲ ਰਹੇ ਹਨ। ਵਧੇਰੇ ਕਰਕੇ ਰਾਜਨੀਤਕ ਹੱਦਾਂ ਸੱਭਿਆਚਾਰਕ (ਜਾਤੀਗਤ, ਧਾਰਮਿਕ ਤੇ ਸੱਭਿਆਚਾਰਕ) ਲਾਈਨਾਂ ਦੇ ਅਨੁਰੂਪ ਪੁਨਰ ਤਰਤੀਬ ਕੀਤੀਆਂ ਜਾ ਰਹੀਆਂ ਹਨ। ਸੱਭਿਆਚਾਰਕ ਸਮੂਹ ਸ਼ਾਂਤਯੁੱਧ ਗੱਠ-ਜੋੜਾਂ ਦੇ ਬਦਲੇ ਰੂਪ ਵਿੱਚ ਉਭਰ ਰਹੇ ਹਨ ਅਤੇ ਸੱਭਿਆਤਾਵਾਂ ਸਮੂਹ ਵਿਚਕਾਰ ਉਕਾਈ ਵਾਲੀਆਂ ਹੱਦਾਂ ਵਿਸ਼ਵ ਰਾਜਨੀਤੀ ਵਿੱਚ ਟਕਰਾਅ ਵਾਲੀਆਂ ਕੇਂਦਰੀ ਹੱਦਾਂ ਬਣ ਰਹੀਆਂ ਹਨ।"

Huntington ਦੀ ਉਪਰੋਕਤ ਧਾਰਨਾ ਵਿੱਚ ਵੱਖਰੀ ਪਛਾਣ ਵਾਲੇ ਸੱਭਿਆਚਾਰਾਂ, ਧਰਮਾਂ ਅਤੇ ਸੱਭਿਆਤਾਵਾਂ ਦੇ ਕੇਂਦਰੀ ਮਹੱਤਵ ਨੂੰ ਪਛਾਨਿਆ ਅਤੇ ਉਜਾਗਰ ਕੀਤਾ ਗਿਆ ਹੈ। ਹੁਣ ਪ੍ਰਸ਼ਨ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿੱਚ ਜਿੱਥੇ ਨਾ ਤਾਂ ਵਿਸ਼ਵ ਦੇ ਏਕੀਕਰਨ ਦੀ ਪ੍ਰਕ੍ਰਿਆ ਨੂੰ ਰੋਕਿਆ ਜਾ ਸਕਦਾ ਹੈ ਤੇ ਨਾ ਹੀ ਵੱਖਰੀਆਂ ਧਾਰਮਿਕ, ਸੱਭਿਆਚਾਰਕ, ਰਾਸ਼ਟਰੀ ਪਛਾਣਾਂ ਨੂੰ ਤਿਲਾਂਜਲੀ ਦਿੱਤੀ ਜਾ ਸਕਦੀ ਹੈ, ਸਿੱਖ ਧਰਮ ਅਤੇ ਇਸ ਦੇ ਪਵਿੱਤਰ ਗ੍ਰੰਥ ਆਪਣੀ ਨਿੱਜੀ ਪਛਾਣ ਦੀ ਸੰਭਾਲ ਅਤੇ ਵਿਸ਼ਵ ਦੀ ਨਵੀਂ ਉਭਰ ਰਹੀ ਵਿਵਸਥਾ ਵਿੱਚ ਕਿਸ ਭਾਂਤ ਦਾ ਉਸਾਰੂ ਯੋਗਦਾਨ ਕਰ ਸਕਦੇ ਹਨ ?

ਇਸ ਪ੍ਰਸ਼ਨ ਦਾ ਤਸਲੀਪੂਰਨ ਹੱਲ ਲੱਭਣ ਲਈ ਸਾਨੂੰ ਸਿੱਖ ਮੱਤ ਦੇ ਆਰੰਭ ਅਤੇ ਸਰੂਪ ਨੂੰ ਮੁੜ ਤੋਂ ਚਿਤਾਰਨਾ ਹੋਵੇਗਾ। ਸਿੱਖ ਪੰਥ ਵਿਸ਼ਵ ਧਰਮਾਂ ਦੀ ਲੜੀ ਵਿੱਚ ਸਭਤੋਂ ਘੱਟ ਉਮਰ ਦਾ ਧਰਮ ਹੈ- ਸਵਾ ਪੰਜ ਕੁ ਸੌ ਵਰ੍ਹੇ ਤੋਂ ਥੋੜ੍ਹਾ ਵੱਧ। ਸਿੱਖ ਧਰਮ ਧਰਤੀ ਦੇ ਜਿਸ ਖੰਡ ਵਿੱਚ ਉਤਪੰਨ ਹੋਇਆ ਉੱਥੇ ਆਰਿਆਈ ਤੇ ਸਾਮੀ ਵਿਚਾਰਧਾਰਾਵਾਂ ਦੇ ਪ੍ਰਵਾਹ ਕਿਸੇ ਨਵੀਂ ਸਿਰਜਨਾ ਦੇ ਆਹਰ ਵਿੱਚ ਇੱਕ ਦੂਜੇ ਨਾਲ ਭੇੜ ਅਤੇ ਮੇਲ ਕਰ ਰਹੇ ਸਨ। ਧਰਮਾਂ ਦੇ ਬਾਹਰੀ ਪ੍ਰਗਟਾਵਿਆਂ ਨੂੰ ਲੈ ਕੇ ਸਾਮੀ ਅਤੇ ਆਰਿਆਈ ਧਰਮਾਂ ਦੇ ਧਾਰਮਿਕ ਵਿਵਾਦ ਆਪਣੀ ਸਿਖਰ ਤੇ ਪੁੱਜ ਚੁੱਕੇ ਸਨ। ਧਰਮ ਦੇ ਨਾਂ ਤੇ ਅਧਰਮ ਦਾ ਬੋਲਬਾਲਾ ਸੀ। ਅਜਿਹੀ ਸਥਿਤੀ ਵਿੱਚ ਗੁਰੂ ਨਾਨਕ ਦੇਵ ਜੀ ਨਾ ਕੇਵਲ ਵਿਸ਼ਵ-ਚੇਤਨਾ ਬਲਕਿ ਬ੍ਰਹਿਮੰਡੀ-ਚੇਤਨਾ ਦਾ ਅਵਤਾਰ ਬਣਕੇ ਆਏ। ਉਹਨਾਂ ਦੀ ਵਿਆਪਕ ਵਿਸ਼ਵ-ਦ੍ਰਿਸ਼ਟੀ ਵਿੱਚ ਸਭ ਪ੍ਰਕਾਰ ਦੇ ਵਾਦਾਂ ਵਿਰੋਧਾਂ ਦਾ ਆਪਣੀ ਵਿਲੱਖਣ ਪਛਾਣ ਰੱਖਦਿਆਂ ਹੋਇਆ ਵੀ ਇੱਕ ਦੈਵੀ ਆਧਾਰ ਵਾਲੇ ਨਵੇਂ ਮੇਲ ਮਿਲਾਪ ਵਾਲੇ ਧਾਰਮਿਕ ਵਿਧਾਨ ਵਿਚ ਸਮਾ ਜਾਣ ਲਈ ਅਸੀਮ ਬ੍ਰਹਿਮੰਡੀ ਖੁੱਲ੍ਹਾ ਸਨ। ਉਨ੍ਹਾਂ ਦੇ ਨਿਰਮਲ ਪੰਥ ਦਾ ਪ੍ਰਸਾਰ 'ਨਾ ਕੋ ਹਿੰਦੂ ਨਾ ਮੁਸਲਮਾਨ' ਦੀ ਰਹੱਸਮਈ ਚਿਤਾਵਨੀ ਤੋਂ ਹੁੰਦਾ ਹੈ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਤੱਕ ਸਭ ਲੋਕਾਂ ਨੂੰ ਇਹ ਵੀ ਪੂਰਨ ਭਾਂਤ ਸੱਪਸ਼ਟ ਨਹੀਂ ਸੀ ਕਿ ਉਹ ਹਿੰਦੂ ਸਨ ਕਿ ਮੁਸਲਮਾਨ। ਸਿੱਖ ਪੰਥ ਦੀ ਨੀਂਹ ਅਜਿਹੀ ਵਿਰਾਟ ਬ੍ਰਹਿਮੰਡੀ ਚੇਤਨਾ ਤੇ ਟਿੱਕੀ ਸੀ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਵਿੱਚ ਵਰਨਾਂ ਆਸ਼ਰਮਾਂ ਦੇ ਵਖਰੇਵਿਆਂ ਦਾ ਆਪੇ ਹੀ ਨਿਪਟਾਰਾ ਹੋ ਜਾਂਦਾ ਹੈ। ਸੱਚਾ ਸੁੱਚਾ ਮੁਸਲਮਾਨ ਤੇ ਭਲੇ ਆਚਰਨ ਵਾਲਾ ਹਿੰਦੂ ਉਨ੍ਹਾਂ ਨੂੰ ਆਪਣੀ ਸੰਗਤ ਦੇ ਵਿਰੋਧੀਆਂ ਨਾਲੋਂ ਪੂਰਕ ਵੱਧ ਲੱਗਦੇ ਸਨ। ਉਨ੍ਹਾਂ ਦੇ ਰਚੇ ਵਿਧਾਨ ਵਿਚ ਗ੍ਰਹਿਸਤ ਸੰਨਿਆਸ ਦੇ ਵਿਵਾਦ ਇੱਕ ਸਹਿਜ ਸੁਮੇਲ ਵਿਚ ਸਮਾ ਜਾਂਦੇ ਸਨ। ਉਨ੍ਹਾਂ ਦੇ ਧਰਮ ਸਿਧਾਂਤਾਂ ਵਿੱਚ ਹਿੰਦੂ ਮੁਸਲਮਾਨ ਵਿਚਾਰ ਇਸ ਤਰ੍ਹਾਂ ਸਮਾਏ ਹੋਏ ਹਨ ਜਿਸ ਤਰ੍ਹਾਂ ਸਮੁੰਦਰ ਵਿੱਚ ਨਦੀਆਂ ਇੱਥੇ ਤਾਂ ਪ੍ਰਮਾਤਮਾ ਦੇ ਅਹਿਸਾਸ ਦੀ ਸੀਮਾ, ਅਸੀਮ ਹੱਦਾਂ ਤੱਕ ਫੈਲ ਜਾਂਦੀ ਹੈ:

> ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥

ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥ (ਪੰਨਾ ੬੧੨)

ਇਥੇ ਤਾਂ ਧਰਤੀ ਧਰਮਸਾਲ ਦਾ ਵਿਚਾਰ ਬਹੁਤ ਵਿਆਪਕ ਰੂਪ ਗ੍ਰਹਿਣ ਕਰ ਲੈਂਦਾ ਹੈ:

ਕੋਟਿ ਬਿਸਨ ਕੀਨੇ ਅਤਵਾਰ ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥ (ਭਰੈਉ ਮ: ੫, ੧੧੫੬)

ਭਾਈ ਗੁਰਦਾਸ ਜੀ ਨੇ ਗੁਰੂ ਦ੍ਰਿਸ਼ਟੀ ਦੀ ਇਸ ਵਿਸ਼ਾਲਤਾ ਨੂੰ ਧਾਰਮਿਕ ਦ੍ਰਿਸ਼ਟੀ ਤੋਂ ਆਪਾ-ਵਿਰੋਧੀ ਭਾਸ਼ਣ ਵਾਲੇ ਸੰਕਲਪਾਂ ਰਾਹੀਂ ਉਜਾਗਰ ਕਰਨ ਦਾ ਯਤਨ ਕੀਤਾ ਹੈ:

ਜਾਹਰ ਪੀਰ ਜਗਤ ਗੁਰ ਬਾਬਾ॥

ਸਿੱਖ ਪੰਥ ਦੇ ਪਵਿੱਤਰ ਧਾਰਮਿਕ ਗ੍ਰੰਥ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫਰੀਦ ਤੇ ਭਗਤ ਰਾਮਾਨੰਦ ਜੀ, ਭਗਤ ਰਵੀਦਾਸ ਜੀ ਤੇ ਭਗਤ ਪਰਮਾਨੰਦ ਜੀ, ਭਗਤ ਸਧਨਾ ਜੀ ਤੇ ਭਗਤ ਪੀਪਾ ਜੀ ਦੀ ਬਾਣੀ ਇੱਕੋ ਥਾਂ ਸ਼ਾਮਲ ਹੈ। ਰਵਾਇਤੀ ਨਜ਼ਰ ਤੋਂ ਦੇਖਿਆ ਇਹ ਮੁਸਲਮਾਨ ਹਿੰਦੂ, ਸ਼ੂਦਰ, ਬ੍ਰਾਹਮਣ, ਰੰਕ ਤੇ ਰਾਣਾ ਦੇ ਵਰਗ ਬਣਦੇ ਹਨ। ਸਿੱਖ ਦ੍ਰਿਸ਼ਟੀ ਵਿੱਚ ਇਹ ਸਭ ਵਰਗ ਰੱਬੀ ਬੰਦਗੀ ਅਤੇ ਉਪਾਸਨਾ ਦੇ ਆਹਰ ਵਿਚ ਜੁਟੇ ਇੱਕੋ ਰੱਬ ਦੀ ਰਚਨਾ, ਮਨੁੱਖੀ ਭਾਈਚਾਰਾ ਹਨ।

ਆਪਣੇ ਧਾਰਮਿਕ ਅਕੀਦਿਆਂ ਦੀ ਪਾਲਨਾ ਤੇ ਰਖਵਾਲੀ ਲਈ ਸਭ ਕੁਰਬਾਨੀਆਂ ਕਰਦੇ ਹਨ ਪਰੰਤੂ ਦੂਜੇ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਕੀਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਦੁਨੀਆ ਦੇ ਧਰਮਾਂ ਵਿੱਚ ਹੋਰ ਕੋਈ ਮਿਸਾਲ ਨਹੀਂ ਲੱਭਦੀ।

ਅਨੇਕਾਂ ਬਾਹਰੀ ਭੇਖਾਂ, ਰੀਤਾਂ, ਧਰਮਾਂ, ਸੱਭਿਆਚਾਰਾਂ ਦੀ ਵਿਭਿੰਨਤਾ ਦੇ ਹੁੰਦੇ ਹੋਏ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮੁੱਚੀ ਮਾਨਸ ਜਾਤੀ ਵਿੱਚ ਕੋਈ ਭਿੰਨ ਭੇਦ ਨਜ਼ਰ ਨਹੀਂ ਆਏ। ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧਾਰਮਿਕ ਅਨੇਕਤਾ ਤੇ ਬਹੁਕੇਂਦ੍ਰਿਤ ਸਮਾਜ ਦੇ ਪੱਕੇ ਸਮਰਥਕ ਸਨ। ਮਹਾਂਕਵੀ ਸੰਤੋਖ ਸਿੰਘ ਜੀ ਨੇ ਜ਼ੋਰ ਜਬਰ ਨਾਲ ਧਾਰਮਿਕ ਏਕੀਕਰਣ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ-ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਧਾਰਮਿਕ ਅਨੇਕਤਾ ਖ਼ਤਮ ਹੋ ਜਾਣੀ ਸੀ:

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ..।

ਆਮ ਕਰਕੇ ਧਾਰਮਿਕ ਵਿਵਾਦਾਂ ਦਾ ਆਧਾਰ ਉਨ੍ਹਾਂ ਦੇ ਬਾਹਰੀ ਪ੍ਰਗਟਾਵੇ ਦੇ ਚਿੰਨ੍ਹਾਂ ਦੀ ਵਿਲੱਖਤਾ ਅਤੇ ਉਨ੍ਹਾਂ ਦੇ ਧਾਰਮਿਕ ਸਿਧਾਂਤਾਂ ਨਾਲ ਜੁੜੇ ਇਕਾਂਤਕ ਦਾਵੇ ਬਣਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਿੱਬ-ਦ੍ਰਿਸ਼ਟੀ ਇਨ੍ਹਾਂ ਬਾਹਰੀ ਪ੍ਰਗਟਾਵਿਆਂ ਤੋਂ ਅਗਾਂਹ ਜਾ ਕੇ ਅੰਤਰੀਵੀ ਪਵਿੱਤਰਤਾ ਸੁੱਚਤ ਨੂੰ ਕਸਵੱਟੀ ਰੂਪ ਪਰਵਾਣ ਕਰਦੀ ਅੰਤਰੀਲੀ ਪਵਿਰਤਨ ਹੈ ਤਾਂ ਗੁਰੂ ਸਾਹਿਬਾਨ ਨੂੰ ਬਾਹਰੀ ਭੇਖਾਂ, ਸਿਧਾਤਾਂ ਦੀ ਵਿਭਿੰਨਤਾ ਰੱਖਣ ਵਾਲੇ ਸਭ ਮੱਤ ਆਪਣੇ ਹੀ ਜਾਪਦੇ ਹਨ। ਸੱਚਾ ਮੁਸਲਮਾਨ, ਸੱਚਾ ਹਿੰਦੂ ਅਤੇ ਧੁਰ ਆਪੇ ਨਾਲ ਜੁੜਿਆ ਯੋਗੀ, ਗੁਰੂ ਸਾਹਿਬ ਲਈ ਉਨ੍ਹਾਂ ਦੀ ਬਾਹਰੀ ਰਹਿਤ ਦੇ ਵਖਰੇਵੇ ਸਹਿਤ ਵੀ ਪ੍ਰਵਾਨ ਹਨ। ਦੇਖਣ ਨੂੰ ਸਾਧਾਰਨ ਜਾਪਣ ਵਾਲੀ ਇਹ ਮਨੋਤ ਧਾਰਮਿਕ ਸਹਿਹੋਂਦ ਅਤੇ ਮਨੁੱਖੀ ਭਾਈਚਾਰੇ ਲਈ ਬੇਹੱਦ ਮਹੱਤਵ ਰੱਖਦੀ ਹੈ। ਧਰਮਾਂ, ਸੱਭਿਆਚਾਰਾਂ, ਰਾਸ਼ਟਰਾਂ, ਸੱਭਿਆਤਾਵਾਂ ਦੀ ਵਿਲੱਖਣ ਪਹਿਚਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਮੇਲ ਮਿਲਾਪ, ਸਹਿਹੋਂਦ ਤੇ ਵਿਸ਼ਵ ਭਾਈਚਾਰੇ ਲਈ ਕੋਈ ਰੁਕਾਵਟ ਨਹੀਂ ਜਾਪਦੀ ਬਲਕਿ ਪ੍ਰਮਾਤਮਾ ਦੇ ਵਿਸ਼ਾਲ ਆਪੇ ਦਾ 'ਬਹੁ ਬਿਧ ਰੰਗਲਾ ਪਾਸਾਰ' ਜਾਪਦਾ ਹੈ। ਵੱਖਰੇ-ਵੱਖਰੇ ਧਰਮਾਂ ਦੇ ਆਪਸੀ ਰਿਸ਼ਤਿਆਂ ਦੇ ਪ੍ਰਸੰਗ ਵਿਚ ਗੁਰੂ ਸਾਹਿਬਾਨਾਂ ਨੇ 'ਵਾਦ' ਨਹੀਂ 'ਸੰਬਾਦ' ਰਚਾਇਆ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਧਨਾਸਰੀ ਮ; ੧, ਪੰਨਾ ੬੬੧)

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥ (ਮਲਾਰ ਮ: ੧, ਪੰਨਾ ੧੨੫੫)

ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਸਿੱਖ ਧਰਮ ਦਾ ਇਹ ਇਕ ਬਹੁਤ ਹੀ ਵਿਸ਼ੇਸ਼ ਲੱਛਣ ਹੈ ਕਿ ਇਹ ਵਾਦ ਵਿਵਾਦ

ਨਾਲੋਂ ਗੋਸ਼ਟਿ ਨੂੰ ਪਹਿਲ ਦਿੰਦਾ ਹੈ। ਸਾਰੀ ਧਰਤੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਚਉਕਾ ਜਾਪਦੀ ਹੈ... ਅੱਗੇ ਉਨ੍ਹਾਂ ਇਹ ਵਿਚਾਰ ਵੀ ਪ੍ਰਗਟਾਇਆ ਕਿ ਇਹ ਗੱਲ ਇਨ੍ਹਾਂ ਦੇ ਧਰਮ-ਸਿਧਾਂਤ ਦਾ ਅਨਿੱਖੜ ਅੰਗ ਹੈ। ਸਿੱਖ ਧਰਮ ਨੇ ਇਹ ਗੱਲ ਸਿਧਾਂਤ ਰੂਪ ਵਿਚ ਹੀ ਪ੍ਰਵਾਨ ਨਹੀਂ ਕੀਤੀ, ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਇਸ ਵਿਵਸਥਾ ਦੇ ਰਾਹ ਵਿਚ ਆਉਂਦੀਆਂ ਸਭ ਔਕੜਾਂ-ਜ਼ੋਰ ਜ਼ਬਰ, ਅਨਿਆਂ ਅੱਤਿਆਚਾਰ, ਲੁੱਟ ਖਸੁੱਟ ਤੇ ਸ਼ੋਸ਼ਣ ਅਤੇ ਸਭ ਪ੍ਰਕਾਰ ਦੀ ਸੁਤੰਤਰਤਾ ਦੇ ਰਾਹ ਦੀ ਰੋਕ, ਨਾ-ਬਰਾਬਰੀ ਦਾ ਹਰ ਧਰਾਤਲ ਤੇ ਡੱਟ ਕੇ ਵਿਰੋਧ ਕੀਤਾ ਹੈ। ਸੰਖੇਪ ਵਿਚ ਉਨ੍ਹਾਂ ਧਰਮ ਦੀਆਂ ਸ਼ਕਤੀਆਂ ਦਾ ਬੋਲ-ਬਾਲਾ ਕਰਨ ਲਈ ਅਧਰਮ ਖਿਲਾਫ਼ ਲੰਬੀ ਲੜਾਈ ਛੇੜੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿੱਤਰ ਨਾਟਕ' ਵਿਚ ਆਪਣੇ ਜੀਵਨ ਮਨੋਰਥ ਦਾ ਬਿਆਨ ਕਰਦਿਆਂ ਦੱਸਦੇ ਹਨ ਕਿ ਉਹ ਅਜਿਹਾ ਵਾਤਾਵਰਨ ਤਿਆਰ ਕਰਨ ਆਏ ਹਨ ਜਿਥੇ ਧਰਮ ਸਾਧਕ ਸਭ ਪਾਸੇ ਪ੍ਰਸੰਨ ਚਿੱਤ ਫਿਰਨ। ਦੁਸ਼ਟਾਂ ਨੂੰ ਉਹ ਨਾ ਕੇਵਲ ਦੰਡਤ ਕਰਨ ਆਏ ਹਨ ਬਲਕਿ ਉਨ੍ਹਾਂ ਨੂੰ ਜੜੋਂ ਪੁੱਟਣ ਆਏ ਹਨ (ਦੁਸ਼ਟ ਸਭਨ ਕੋ ਮੂਲ ਉਪਾਰਨ)।

ਸਿੱਖ-ਪੰਥ ਨੂੰ ਵਿਸ਼ਵ ਦੇ ਏਕੀਕਰਨ ਦਾ ਕੋਈ ਕਸ਼ਟ ਨਹੀਂ ਅਤੇ ਨਾ ਹੀ ਇਹ ਤਰੱਕੀ ਦੇ ਵਿਰੋਧੀ ਹਨ। ਹਾਂ ਇਹ ਗੱਲ ਸਿੱਖ ਧਰਮ ਲਈ ਚਿੰਤਾ ਦਾ ਵਿਸ਼ਾ ਹੈ ਕਿ ਅਜਿਹੀ ਏਕੀਕ੍ਰਿਤ ਵਿਵਸਥਾ ਦਾ ਆਧਾਰ ਕੀ ਹੋਵੇ? ਉਭਰ ਰਹੀ ਵਿਸ਼ਵ ਵਿਵਸਥਾ ਦੇ ਮੂਲ ਰਵਾਇਤੀ ਆਧਾਰਾਂ 'ਵਿਸ਼ਵ-ਆਰਥਿਕਤਾ' ਅਤੇ 'ਵਿਸ਼ਵ-ਰਾਜਨੀਤੀ' ਤੇ ਸਿੱਖ ਪੰਥ ਨੂੰ ਆਸਥਾ ਨਹੀਂ ਹੋ ਸਕਦੀ। ਆਰਥਿਕਤਾ ਦੇ ਆਧਾਰ ਪੂੰਜੀ ਸੰਬੰਧੀ ਗੁਰੂ ਨਾਨਕ ਦੇਵ ਜੀ ਦੀ ਧਾਰਨਾ ਹੈ:

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ (ਆਸਾ ਮ: ੧, ਪੰਨਾ ੧੪੭)

ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਮਾਇਆਧਾਰੀ ਅਤਿ ਅੰਨਾ ਬੋਲਾ ॥ (ਗਉੜੀ ਵਾਰ, ਸਲੋਕ ਮ: ੩, ਪੰਨਾ ੩੧੩)

ਮਾਇਆ ਜਾਂ ਪੂੰਜੀ ਦੀ ਤਰ੍ਹਾਂ ਹੀ 'ਸਡੌਲ' ਦੈਵੀ ਆਧਾਰਾਂ ਬਿਨ੍ਹਾਂ ਰਾਜਨੀਤੀ ਵੀ ਅੰਨ੍ਹੀ ਤਾਕਤ ਦਾ ਨਸ਼ਾ ਹੁੰਦੀ ਹੈ ਜੋ ਕਿਸੇ ਉਸਾਰੂ ਰੂਪਾਂਤਰਕਾਰੀ ਆਦਰਸ਼ ਦੀ ਸੋਧ ਨਹੀਂ ਹੁੰਦੀ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ (ਵਾਰ ਆਸਾ, ਸਲੋਕ, ਮ: ੧, ਪੰਨਾ ੪੬੮)

ਆਪਣੇ ਸਮਕਾਲੀ ਸਮਾਜ ਦੀ ਨਿਘਰੀ ਦਸ਼ਾ ਤੇ ਟਿੱਪਣੀ ਕਰਦਿਆਂ ਭਾਈ ਗੁਰਦਾਸ ਜੀ ਲਿਖਦੇ ਹਨ :

ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥ (ਭਾਈ ਗੁਰਦਾਸ, ਵਾਰ ੧/੩੦)

ਅਤੇ ਉਹ ਸਤਿਗੁਰੂ ਜੀ ਦੀ ਤੁਲਨਾ ਬਾਦਸ਼ਾਹ ਨਾਲ ਕਰਦੇ ਲਿਖਦੇ ਹਨ:

ਸਤਿਗੁਰ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ ॥ (ਭਾਈ ਗੁਰਦਾਸ ਵਾਰ ੧੫/੧)

ਉਪਰੋਕਤ ਤੁਕਾਂ ਤੋਂ ਇਹ ਅਰਥ ਨਹੀਂ ਲਿਆ ਜਾਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਆਰਥਿਕਤਾ ਜਾਂ ਰਾਜਨੀਤੀ ਦਾ ਮੂਲੋਂ ਵਿਰੋਧ ਕਰ ਰਹੇ ਹਨ ਜਾਂ ਕਿਸੇ ਵੀ ਭਾਂਤ ਦੀ ਨਵੀਂ ਵਿਸ਼ਵ-ਵਿਵਸਥਾ ਵਿਚ ਉਨ੍ਹਾਂ ਦਾ ਘੱਟ ਮਹੱਤਵ ਹੋਵੇਗਾ। ਗੁਰੂ ਸਾਹਿਬਾਨ ਦੀ ਮਾਨਤਾ ਇਹ ਲਗਦੀ ਹੈ ਕਿ ਪਰਪੱਕ ਦੈਵੀ ਆਧਾਰ ਤੋਂ ਬਿਨਾ ਅਰਥਚਾਰਾ ਤੇ ਰਾਜਨੀਤੀ ਅੰਨ੍ਹੀਆਂ ਤਾਕਤਾਂ ਹਨ ਅਤੇ ਇਨ੍ਹਾਂ ਵਿਚ ਸ਼ੋਸ਼ਣ, ਅੱਤਿਆਚਾਰ ਤੇ ਬੇਇਨਸਾਫ਼ੀ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਕਰਕੇ ਧਰਮ ਦੇ ਅੰਕੁਸ਼ ਬਿਨਾਂ ਇਹ ਤਾਕਤਾਂ ਕਦੇ ਵੀ ਚਿਰਸਥਾਈ ਰਹਿਣ ਵਾਲੀ ਵਿਸ਼ਵ-ਵਿਵਸਥਾ ਦਾ ਆਧਾਰ ਨਹੀਂ ਹੋ ਸਕਦੀਆਂ। Robertson ਨੇ ਵਿਸ਼ਵੀਕਰਣ ਦੀ ਪ੍ਰਕ੍ਰਿਆ ਵਿਚ ਰਾਸ਼ਟਰੀ-ਸਮਾਜਾਂ, ਵਿਅਕਤੀਆਂ, ਸਮਾਜਾਂ ਦੇ ਅੰਤਰਰਾਸ਼ਟਰੀ ਪ੍ਰਬੰਧ ਅਤੇ ਮਨੁੱਖਤਾ ਦੇ ਆਪਸੀ ਰਿਸ਼ਤਿਆਂ ਦੇ ਆਧਾਰ ਨੂੰ ਪ੍ਰਵਾਨ ਕੀਤਾ ਹੈ। ਇਨ੍ਹਾਂ ਸਭ ਰਿਸ਼ਤਿਆਂ ਦਾ ਸਮਤੋਲ ਉਦੋਂ ਤੱਕ ਸਥਾਈ ਨਹੀਂ ਹੋ ਸਕਦਾ ਜਦੋਂ ਤੱਕ ਮਨੁੱਖਾਂ, ਸਮਾਜਾਂ, ਰਾਸ਼ਟਰਾਂ ਦੀਆਂ ਆਪਣੀਆਂ ਵਿਲੱਖਣ ਪਛਾਣਾਂ ਤੇ ਕਦਰਾਂ ਕੀਮਤਾਂ ਦੀ ਪ੍ਰਫੁੱਲਤਾ ਨੂੰ ਨਵੀਂ ਅੰਤਰਰਾਸ਼ਟਰੀ ਵਿਵਸਥਾ ਵਿਚ ਯਕੀਨੀ ਨਹੀਂ ਬਣਾਇਆ ਜਾਂਦਾ।

ਸਿੱਖ ਗੁਰੂ ਸਾਹਿਬਾਨਾਂ ਨੇ 'ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ' ਦੇ ਦੈਵੀ ਆਧਾਰਾਂ ਤੇ ਇਕ ਆਦਰਸ਼

ਸਮਾਜ ਦੀ ਨੀਂਹ ਰੱਖੀ। ਅਜਿਹੇ ਦੈਵੀ ਸਮਾਜ ਨੂੰ ਵਿਆਪਕ ਰੂਪ ਵਿਚ ਆਦਰਸ਼ ਵਿਸ਼ਵ-ਸਮਾਜ ਦਾ ਆਧਾਰ ਬਣਾਇਆ ਜਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਆਦਰਸ਼ ਸਮਾਜ ਦਾ ਸਭ ਤੋਂ ਪ੍ਰਮੁੱਖ ਲੱਛਣ ਇਹ ਬਿਆਨ ਕੀਤਾ ਹੈ ਕਿ ਇੱਥੇ ਕਿਸੇ ਕਿਸਮ ਦੇ ਅੱਤਿਆਚਾਰ ਤੇ ਧੱਕੇ ਦਾ ਪੂਰਨ ਅਭਾਵ ਹੋਵੇਗਾ, ਇਹ ਨਿਮਰਤਾ ਤੇ ਆਧਾਰਤ ਹੋਵੇਗਾ ਅਤੇ ਇਸ ਵਿਚ ਸਭ ਦੇ ਸੁੱਖ ਦਾ ਪ੍ਰਬੰਧ ਹੋਵੇਗਾ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆਂ ਇਹੁ ਹੋਆ ਹਲੇਮੀ ਰਾਜੁ ਜੀਉ ॥

(ਸਿਰੀ ਰਾਗੁ ਮ: ੫, ਪੰਨਾ ੭੪)

ਅਜਿਹਾ ਦੈਵੀ-ਸਮਾਜ ਪਿਆਰ, ਸੇਵਾ, ਕੁਰਬਾਨੀ ਤੋਂ ਬਿਨਾ ਸੋਚਿਆ ਵੀ ਨਹੀਂ ਜਾ ਸਕਦਾ। ਕਿਸੇ ਵੀ ਤਰ੍ਹਾਂ ਦੀ ਨਾ-ਬਰਾਬਰੀ, ਅਨਿਆਂ, ਜ਼ੋਰ, ਜ਼ੁਲਮ ਤੇ ਲੁੱਟ ਖਸੁੱਟ ਅਜਿਹੇ ਸਮਾਜ ਦੇ ਪ੍ਰਮੁੱਖ ਦੋਸ਼ੀ ਹੋਣਗੇ। ਅਜਿਹੇ ਸਮਾਜ ਦੀ ਮੂਲ ਸੰਚਾਲਕ ਸ਼ਕਤੀ ਹੋਵੇਗੀ ਪਿਆਰ-ਰੱਬ ਦਾ ਪਿਆਰ, ਰੱਬ ਦੀ ਮਨੁੱਖਤਾ ਦਾ ਪਿਆਰ।

ਹੁਣ ਅਜਿਹੇ ਆਦਰਸ਼-ਵਿਸ਼ਵ ਸਮਾਜ ਦੀ ਜੇਕਰ ਵਿਗਿਆਨ ਤੇ ਸ਼ਿਲਪ-ਵਿਗਿਆਨ ਤੇ ਆਧਾਰਤ ਵਰਤਮਾਨ ਵਿਸ਼ਵ-ਸਮਾਜ ਨਾਲ ਤੁਲਨਾ ਕਰੀਏ, ਜਿਸ ਵਿਚ ਮਹਾਂ ਸ਼ਕਤੀਆਂ ਦੇ ਗੁੱਟ ਹਨ, ਮੁਕਾਬਲੇ ਤੇ ਆਧਾਰਤ ਖੁੱਲ੍ਹੀ ਮੰਡੀ ਹੈ, ਹਥਿਆਰਾਂ ਦੇ ਭੰਡਾਰਾਂ ਵਿਚ ਪ੍ਰਮਾਣੂ ਤੇ ਹਾਈਡਰੋਜਨ ਬੰਬ ਹਨ, ਨਿੱਤ ਵਧਦਾ ਉਪਭੋਗਵਾਦ ਹੈ, ਨਿੱਘਰਦਾ ਵਾਤਾਵਰਨ ਹੈ ਤਾਂ ਇਹ ਸਮਾਜ ਹਰ ਪੱਖੋਂ ਉਪਰੋਕਤ ਸਮਾਜ ਦਾ ਪ੍ਰਤੀਦਵੰਦੀ Antithesis ਜਾਪਦਾ ਹੈ।

ਸਾਡਾ ਵਰਤਮਾਨ ਵਿਸ਼ਵ ਸਮਾਜ ਅਜਿਹੇ ਅਨਿਸ਼ਚਿਤਤਾ ਦੇ ਮੋੜ ਤੇ ਖੜ੍ਹਾ ਹੈ ਕਿ ਇਹ ਕੋਈ ਵੀ ਪਾਸਾ ਪਲਟ ਸਕਦਾ ਹੈ। ਮਨੁੱਖ ਜਾਤੀ ਦੇ ਸਮੂਹਕ ਵਿਨਾਸ਼ ਦੀ ਮੰਜ਼ਿਲ ਮਿੰਟਾਂ ਸਕਿੰਟਾਂ ਵਿਚ ਪਾਈ ਜਾ ਸਕਦੀ ਹੈ ਜੇਕਰ ਸਮੁੱਚੀ ਮਨੁੱਖਤਾ ਆਪਸੀ ਪਿਆਰ, ਮਿਲਵਰਤਨ ਤੇ ਭਾਈਚਾਰੇ ਦੀ ਉਸਾਰੂ ਸੇਧ ਵੱਲ ਨਹੀਂ ਮੁੜਦੀ। ਸੋ ਮਨੁੱਖ ਜਾਤੀ ਅਜਿਹੇ ਮੋੜ ਤੇ ਪਹੁੰਚ ਗਈ ਹੈ ਜਿੱਥੇ ਉਸ ਕੋਲ ਚੋਣ ਤੇ ਸਮਾਂ ਬਹੁਤ ਸੀਮਤ ਹਨ। ਉਹ ਜਾਂ ਤਾਂ ਦੈਵੀ ਆਧਾਰਾਂ ਵਾਲੇ ਸਮਾਜ ਦੇ ਨਿਰਮਾਣ ਵੱਲ ਬਿਨਾਂ ਦੇਰੀ ਮੁੜੇਗੀ ਜਾਂ ਫਿਰ ਵਿਗਿਆਨ ਤੇ ਸ਼ਿਲਪ-ਵਿਗਿਆਨ ਦੇ ਆਧਾਰ ਤੇ ਤਿਆਰ ਕੀਤੀ ਆਤਿਸ਼ਬਾਜ਼ੀ ਦਾ ਅੰਤਿਮ ਤਮਾਸ਼ਾ ਦੇਖੇਗੀ। ਸੰਸਾਰ ਦੇ ਪ੍ਰਸਿੱਧ ਇਤਿਹਾਸਕਾਰ Arnold Toynbee ਦੇ ਕਿਆਸ ਅਨੁਸਾਰ ਭਵਿੱਖ ਦੀ ਕਿਸੇ ਵੀ ਉਸਾਰੂ ਵਿਚਾਰ ਵਿਚ ਸਿੱਖ-ਪੰਥ ਤੇ ਇਸ ਦੇ ਧਾਰਮਿਕ ਗ੍ਰੰਥਾਂ ਦਾ ਵਿਲੱਖਣ ਯੋਗਦਾਨ ਹੋਵੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਅਤੇ ਵਿਲੱਖਣਤਾ

ਡਾ. ਸੂਬਾ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ 'ਸ਼ਬਦ' ਨੂੰ ਵਿਦਵਾਨਾਂ ਦੁਆਰਾ ਸਿੱਖ ਧਰਮ, ਸਿੱਖ ਚਿੰਤਨ, ਸਿੱਖ ਸਭਿਆਚਾਰ ਅਤੇ ਸਿੱਖ ਮਰਿਆਦਾ ਦਾ ਬੁਨਿਆਦੀ ਅਤੇ ਕੇਂਦਰੀ ਬਿੰਦੂ ਸਵੀਕਾਰ ਕੀਤਾ ਗਿਆ ਹੈ। ਸ਼ਬਦ ਗੁਰੂ ਦਾ ਸਿਧਾਂਤ ਸਿੱਖ ਧਰਮ ਦੀ ਵਿਲੱਖਣਤਾ ਦਾ ਲਖਾਇਕ ਹੈ। ਸੰਸਾਰ ਦੇ ਕੁਝ ਧਰਮਾਂ ਨੇ ਸ਼ਬਦ ਨੂੰ ਮਹਾਨਤਾ ਤਾਂ ਦਿੱਤੀ ਹੈ ਪਰ "ਗੁਰੂ" ਕਿਸੇ ਨੇ ਨਹੀਂ ਮੰਨਿਆ। ਸ਼ਬਦ ਗੁਰੂ ਦਾ ਸਿਧਾਂਤ ਸਮੁੱਚੀ ਮਨੁੱਖਤਾ ਨੂੰ ਇਕ ਲੜੀ ਵਿਚ ਪਰੋਂਦਾ ਹੈ। ਇਸ ਦਾ ਉਦੇਸ਼ ਸਮੇਂ ਅਤੇ ਦੇਸ਼ ਦੀਆਂ ਸਾਰੀਆਂ ਹੱਦਾਂ ਨੂੰ ਸਰ ਕਰਕੇ ਇਕ ਸਾਂਝੀਵਾਲਤਾ ਵਾਲੀ ਪਿੱਠਭੂਮੀ ਤਿਆਰ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਧੁਰ ਕੀ ਬਾਣੀ, ਖਸਮ ਕੀ ਬਾਣੀ, ਸੱਚੀ ਬਾਣੀ, ਉੱਚੀ ਬਾਣੀ ਅਤੇ ਮਹਾਂਪੁਰਖ ਕੀ ਬਾਣੀ ਆਦਿ ਪਵਿੱਤਰ ਸ਼ਬਦਾਂ ਨਾਲ ਸਤਿਕਾਰਿਆ ਤੇ ਨਮਸਕਾਰਿਆ ਗਿਆ ਹੈ। ਇਸ ਵਿਚ ਗੁਰੂ ਪੀਰਾਂ ਵਾਲੀ ਵਿਸਮਾਦੀ ਤਾਕਤ ਅਤੇ ਰੂਹਾਨੀ ਨਿਰੰਤਰ ਪ੍ਰਵਾਹਿਤ ਹੈ। ਤਾਂ ਹੀ ਤਾਂ ਗੁਰੂ ਸਾਹਿਬ ਕਹਿੰਦੇ ਹਨ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ (ਸੋਰਠਿ ਮ: ੧, ਪੰਨਾ ੬੩੫)

ਸਾਧਾਰਨ ਅਰਥਾਂ ਵਿਚ ਕਿਸੇ ਵਸਤੂ ਦੇ ਸਰੂਪ ਦਾ ਬੋਧ ਕਰਾਉਣ ਵਾਲੀ ਧੁਨੀ ਨੂੰ ਸ਼ਬਦ ਕਿਹਾ ਜਾਂਦਾ ਹੈ। ਇਸ ਸ਼ਬਦ ਰਾਹੀਂ ਜਦੋਂ ਕਿਸੇ ਯਥਾਰਥ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਉਦੋਂ ਇਹ ਸ਼ਬਦ ਪ੍ਰਮਾਣ ਬਣ ਜਾਂਦਾ ਹੈ। ਪਰੰਪਰਾ ਵਿਚ ਪ੍ਰਤੱਖ, ਅਨੁਮਾਨ, ਸ਼ਬਦ ਤੇ ਉਪਮਾਨ ਚਾਰ ਪ੍ਰਕਾਰ ਦੇ ਪ੍ਰਮਾਣ ਮੰਨੇ ਗਏ ਹਨ। ਜਿਨ੍ਹਾਂ ਪ੍ਰਮਾਣਾਂ ਦਾ ਸਰੋਤ ਮਨੁੱਖੀ ਜਗਤ ਜਾਂ ਇੰਦਰੀਆਂ ਹਨ ਉਨ੍ਹਾਂ ਸਾਰਿਆਂ ਨੂੰ ਸਦੀਵੀਂ ਸਤ ਨਹੀਂ ਮੰਨਿਆ ਜਾ ਸਕਦਾ। ਜਿਨ੍ਹਾਂ ਦਾ ਸ੍ਰੋਤ ਪ੍ਰਭੂ ਗਿਆਨ ਦਾ ਸਿੱਧਾ ਅਨੁਭਵ ਹੈ, ਉਨ੍ਹਾਂ ਨੂੰ ਸਤ ਕਰਕੇ ਮੰਨਿਆ ਜਾਂਦਾ ਹੈ। ਕਿਉਂਕਿ ਗੁਰੂ ਦੇ ਮੁਖਾਰਬਿੰਦ ਤੋਂ ਨਿਕਲਿਆ ਸ਼ਬਦ ਗੁਰੂ ਦੀ ਕਲਪਨਾ ਜਾਂ ਬੁੱਧੀ ਦੀ ਉਪਜ ਨਹੀਂ ਬਲਕਿ ਪ੍ਰਮਾਤਮਾ ਦੀ ਵਿਸਮਾਦੀ ਰਹਿਮਤ ਦਾ ਸਦਕਾ ਉਸ ਦਾ ਅਟੱਲ ਹੁਕਮ ਹੈ। ਜਿਸ ਬਾਰੇ ਸਾਹਿਬ ਕਹਿੰਦੇ ਹਨ:

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (ਸੂਹੀ ਮ: ੧, ਪੰਨਾ ੭੬੩)

ਸ਼ਬਦ ਦੀ ਪਰਿਭਾਸ਼ਾ ਦੇ ਸੰਬੰਧ ਵਿਚ ਸ੍ਰ. ਕਪੂਰ ਸਿੰਘ ਲਿਖਦੇ ਹਨ, "ਸ਼ਬਦ ਉਹ ਤੱਤ ਹੈ ਜਿਸ ਨੂੰ ਜਾਣਦਿਆਂ ਸੱਚ ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇਕਮਿਕ ਹੋ ਜਾਈਦਾ ਹੈ।" ਭਾਸ਼ਾ ਦੀ ਅਭਿਵਿਅਕਤੀ ਸ਼ਬਦ ਨਾਲ ਸੰਚਾਰਿਤ ਹੁੰਦੀ ਹੈ। ਸ਼ਬਦ ਭਾਸ਼ਾ ਦੀ ਜੁਬਾਨ ਬਣਦਾ ਹੈ। ਜਿਵੇਂ ਮੈਕਲੋਡ ਲਿਖਦਾ ਹੈ "ਸ਼ਬਦ ਭਾਸ਼ਾ ਦਾ ਉਹ ਗੁਪਤ ਬਚਨ ਹੈ ਜਿਹੜਾ ਅਣਦਿੱਸਦੇ ਬਾਰੇ ਗਿਆਨ ਪ੍ਰਦਾਨ ਕਰਦਾ ਹੈ।" ਗੁਰੂ ਦੇ ਸ਼ਬਦ ਵਿਚ ਵਿਸਮਾਦੀ ਭੇਦ ਲੁਕਿਆ ਹੋਇਆ ਹੈ। ਸ਼ਬਦ ਬ੍ਰਹਮ ਦਾ ਚਿਤਰੂਪ ਹੋਣ ਕਰਕੇ ਗਿਆਨ ਹੈ। ਚੇਤਨਤਾ ਸਭ ਜੀਵਾਂ ਅੰਦਰ ਹੈ। ਆਤਮਾ ਜੀਵਨ ਹੈ। ਸ਼ਬਦ ਆਤਮਾ ਦਾ ਜੀਵਨ ਹੈ, ਜਿਵੇਂ:

ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ॥

ਬ੍ਰਹਮ ਅਤੇ ਮਨੁੱਖੀ ਸੁਰਤਿ ਦੇ ਵਿਚਕਾਰ ਸ਼ਬਦ ਹੀ ਅਜਿਹੀ ਕੜੀ ਹੈ ਜੋ ਦੋਨਾਂ ਨੂੰ ਜੋੜਨ ਦੇ ਸਮੱਰਥ ਹੈ। ਇਸ ਤੋਂ ਹੀ ਸ਼ਬਦ ਅਤੇ ਸੁਰਤਿ ਦੇ ਗੁਰੂ-ਚੇਲੇ ਵਾਲੀ ਸਾਂਝ ਦਾ ਪ੍ਰਗਟਾਅ ਹੁੰਦਾ ਹੈ। ਜਿਵੇਂ ਗੁਰੂ ਸਾਹਿਬ ਕਹਿੰਦੇ ਹਨ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਰਾਮਕਲੀ ਮ: ੧, ਪੰਨਾ ੯੪੩)

ਇਸ ਸਾਂਝ ਦੀ ਬਰਕਤ ਨਾਲ ਹੀ ਸਦੀਵੀਂ ਸੁਖ ਦੀ ਪ੍ਰਾਪਤੀ ਹੁੰਦੀ ਹੈ, ਅਤੇ ਆਤਮਾ ਨੇ ਪਰਮਾਤਮ ਹੋ ਜਾਣਾ ਹੈ ।

੩ ਸ਼ਬਦ ਗੁਰੂ ਵਿਚ ਜੁੜੀ ਸੁਰਤਿ ਬਾਹਰ ਮੁੱਖੀ ਨਾਲੋਂ ਅੰਤਰਮੁੱਖੀ ਜਾਦਾ ਹੁੰਦੀ ਹੈ। ਨਿਰਗੁਣ ਬ੍ਰਹਮ ਨੂੰ ਸੁਰਤਿ ਜਦੋਂ ਸਰਗੁਣ ਪਸਾਰੇ ਵਿਚ ਜੋਤ ਰੂਪ ਵਿਚ ਤੱਕਦੀ ਹੈ ਤਾਂ ਉਹ ਵਿਸਮਾਦ ਵਿਚ ਖੀਵੀ ਹੁੰਦੀ ਹੈ। ਉਸ ਅੰਦਰ ਘਿਰਣਾ ਦੀ ਬਜਾਏ ਪ੍ਰੇਮ ਜਾਗਦਾ ਹੈ, ਵਿਰਾਗ ਦੀ ਥਾਂ ਰਾਗ ਪੈਦਾ ਹੁੰਦਾ ਹੈ।

ਇਹ ਸੁਰਤਿ ਜਦੋਂ ਅੰਦਰ ਵੱਲ ਤੱਕਦੀ ਹੈ ਤਾਂ ਸ਼ਬਦ ਨਾਲ ਇਕਸਰ ਹੋ ਕੇ ਹਿਰਦੇ ਦੀਆਂ ਡੂੰਘਾਈਆਂ ਵਿਚ ਅਨਹਦ ਦੀ ਗੂੰਜ ਸੁਣਦੀ ਹੈ ਜਿਵੇਂ ਪਰਮਾਤਮਾ ਨੂੰ ਵੇਖਣ ਵਾਲੀਆਂ ਅੱਖੜੀਆ ਬਿਅੰਨ ਹਨ ਤਿਵੇਂ ਅਨਹਦ ਸਬਦ ਸੁਰਤਿ ਨਾਲ ਹੀ ਸੁਣਿਆ ਜਾ ਸਕਦਾ ਹੈ। ਸ਼ਬਦ ਇਕ ਪਾਸੇ ਤਾਂ ਮਨੁੱਖੀ ਚੇਤਨਾ ਦੀ ਆਤਮਿਕ ਧਾਰਾ ਹੈ, ਧੁਨੀ ਸਹਿਤ ਥਰਥਰਾਹਟ ਹੈ ਉਥੇ ਦੂਜੇ ਪਾਸੇ ਇਹੀ ਧੁਨੀ ਸਾਰੀ ਸ੍ਰਿਸ਼ਟੀ ਵਿਚ ਜੋਤ ਰੂਪ ਹੋ ਕੇ ਵਰਤ ਰਹੀ ਹੈ, ਜਿਵੇਂ :

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥

(ਰਾਮਕਲੀ ਮ: ੧, ਪੰਨਾ: ੯੪੫)

ਸ਼ਬਦ ਦੀ ਵੀਚਾਰ ਤੇ ਅਮਲ ਮਨੁੱਖੀ ਜੀਵਨ ਦਾ ਮਨੋਰਥ ਹੈ। ਗੁਰ ਸ਼ਬਦ ਦੀ ਅਗਵਾਈ ਨਾਲ ਆਪੇ ਦੀ ਪਹਿਚਾਣ, ਸੰਤੋਖ ਦੀ ਪ੍ਰਾਪਤੀ, ਸ਼ੰਕਾਵਾਂ ਦੀ ਨਵਿਰਤੀ, ਵਿਕਾਰਾਂ ਦਾ ਦਮਨ, ਦੁੱਖਾਂ ਤਕਲੀਫ਼ਾਂ ਦਾ ਖਾਤਮਾ, ਦੁਬਿਧਾ ਦਾ ਨਾਸ਼, ਕਰਮਾਂ ਦਾ ਨਿਬੇੜਾ, ਕਬੁੱਧ ਦੀ ਮੌਤ, ਸੰਸਾਰ ਤੋਂ ਨਿਰਲੇਪਤਾ, ਆਤਮਰਸ ਦੀ ਪ੍ਰਾਪਤੀ, ਨਿਰਮਲ ਭਉ ਦੀ ਉਤਪਤੀ ਅਤੇ ਜਨਮ ਦੇ ਬੰਧਨਾ ਤੋਂ ਖਲਾਸੀ ਆਦਿ ਬਰਕਤਾ ਦੀ ਦਾਤ ਝੋਲੀ ਪੈਂਦੀ ਹੈ। ਇਸ ਬਖਸ਼ਿਸ ਸਦਕਾ ਮਨੁੱਖ ਰੱਬੀ ਗੁਣਾਂ ਨਾਲ ਭਰ ਜਾਂਦਾ ਹੈ । ਇਕ ਅਨੂਪਮ ਖਜਾਨੇ ਦੀ ਦੌਲਤ ਉਸ ਵਾਸਤੇ ਪੇਸ਼ ਹੁੰਦੀ ਹੈ। ਸਤਿਗੁਰੂ ਜੀ ਕਹਿੰਦੇ ਹਨ:

ਸਤਿਗੁਰ ਸਬਦਿ ਉਜਾਰੋ ਦੀਪਾ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥ (ਬਿਲਾਵਲ ਮ: ੫, ਪੰਨਾ ੮੨੧)

ਹੁਣ ਤੱਕ ਅਸੀਂ ਸ਼ਬਦ ਦਾ ਬ੍ਰਹਮ ਰੂਪ, ਅਨਹਦ ਰੂਪ ਤੇ ਗੁਰੂ ਉਪਦੇਸ਼ ਰੂਪ ਤਿੰਨੇ ਪੱਖ ਵਿਚਾਰਨ ਦਾ ਯਤਨ ਕੀਤਾ ਹੈ। ਬ੍ਰਹਮ ਦਾ ਨਿਰਗੁਣ ਪੱਖ ਅਕੱਥ, ਅਗੋਚਰ ਅਤੇ ਅਗਮ ਹੈ, ਬ੍ਰਹਮ ਆਪਣੀ ਸ਼ਬਦ ਸ਼ਕਤੀ ਰਾਹੀਂ ਹੁਕਮ ਰੂਪ ਹੋ ਕੇ ਪ੍ਰਗਟ ਹੁੰਦਾ ਹੈ, ਉਹ ਜੋਤ ਰੂਪ ਵਿਚ ਸਾਰੇ ਬ੍ਰਹਿਮੰਡ ਵਿਚ ਰਚਿਆ ਹੋਇਆ ਹੈ। ਸ਼ਬਦ ਇਸ ਦੇ ਵਿਸਮਾਦੀ ਨਿਰਗੁਣ ਸਰੂਪ ਨੂੰ ਜ਼ਰੂਰੀ ਅਤੇ ਸਦੀਵੀ ਜਾਣਕੇ ਹੀ ਗੁਰੂ ਵਿਅਕਤੀਆਂ ਨੇ ਆਪਣੇ ਸਮੇਂ ਜਦੋਂ ਉਹ ਸਰੀਰ ਰੂਪ ਵਿਚ ਲੁਕਾਈ ਦੀ ਅਗਵਾਈ ਕਰ ਰਹੇ ਸਨ, ਸਰੀਰ ਨੂੰ ਵਕਤੀ ਕਰਾਰ ਦਿੰਦਿਆ ਹੋਇਆਂ ਸ਼ਬਦ ਦੀ ਸਰਪ੍ਰਸਤੀ ਅਧੀਨ ਹੋਣ ਦੀ ਪ੍ਰੇਰਨਾ ਦਿੱਤੀ। ਸ਼ਬਦ ਦੇ ਅਸਲ ਸਰੂਪ ਅਤੇ ਮਹੱਤਤਾ ਨੂੰ ਦ੍ਰਿੜ ਕਰਾਉਣ ਲਈ ਹੀ ਸ਼ਬਦ ਦੇ ਉੱਚੇ ਆਸਨ ਲਗਾਏ ਗਏ ਅਤੇ ਆਪ ਧਰਤੀ ਤੇ ਪੜਾਅ ਕੀਤਾ। ਸਰੀਰ ਰੂਪ ਵਿਚ ਗੁਰੂ ਸਦੀਵੀ ਸੱਚ ਨੂੰ ਸਥਾਪਿਤ ਕਰਨ ਲਈ ਯਤਨਸ਼ੀਲ ਰਹੇ। ਨਾਲ ਹੀ ਲੋਕਾਂ ਦੀ ਮਾਨਸਿਕਤਾ ਚੋਂ ਸਦੀਆਂ ਪੁਰਾਣੀ ਦੇਹਧਾਰੀ ਅਗਵਾਈ ਦੀ ਧਾਰਨਾ ਨੂੰ ਖਰੋਚ ਕੇ ਸਾਫ਼ ਕਰਦੇ ਰਹੇ। ਆਪਣੇ ਵੱਲੋਂ ਇਹ ਉਪਦੇਸ਼ ਦ੍ਰਿੜ ਕਰਵਾਇਆ "ਤੁਸੀਂ ਸ਼ਬਦ ਤੇ ਗੁਰੂ ਨੂੰ ਇਕੋ ਰੂਪ ਜਾਨਣਾ.. ਸਤਿਗੁਰੂ ਤੇ ਪਰਮੇਸ਼ਰ ਵਿਚ ਭੇਦ ਨਹੀਂ ਜਾਨਣਾ, ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ, ਜੇ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ। ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।

ਗੁਰੂ ਦਾ ਇਹ ਉਪਦੇਸ਼ ਸਦੀਵੀਂ ਸੱਚ ਦੀ ਇਸ ਧਰਤੀ ਤੇ ਸਥਾਪਤੀ ਦਾ ਪ੍ਰਮਾਣਿਤ ਸਬੂਤ ਹੈ। ਜਿਸ ਰਾਹੀਂ ਇਹ ਵੀ ਪ੍ਰਤੱਖ ਹੁੰਦਾ ਹੈ ਕਿ ਗੁਰੂ ਕਿਸੇ ਸ਼ੋਹਰਤ ਜਾਂ ਤਾਨਾਸ਼ਾਹੀ ਕਰਕੇ ਐਸਾ ਉਪਦੇਸ਼ ਨਹੀਂ ਕਰਦਾ ਬਲਕਿ ਉਹ ਤਾਂ ਸੱਚ ਨੂੰ ਸਦੀਵੀਂ ਜਾਣ ਕੇ ਉਸ ਦੀ ਸਥਾਪਤੀ ਪ੍ਰਤੀ ਚਿੰਤਨ ਹੋਣ ਦੀ ਪ੍ਰੇਰਣਾ ਹੈ। ਮਨੁੱਖੀ ਮਨ ਦੇ ਭੁਲੇਖੇ ਉਸਨੂੰ ਡੋਲਣ ਲਈ ਮਜਬੂਰ ਕਰਦੇ ਹਨ, ਇਸ ਕਰਕੇ ਹੀ ਗੁਰੂ ਸਾਹਿਬ ਦ੍ਰਿੜ ਕਰਵਾਉਣਾ ਚਾਹੁੰਦੇ ਹਨ "ਕਿ ਅਸੀਂ ਤੁਹਾਨੂੰ ਐਸੇ ਗੁਰੂ ਦੇ ਲੜ ਲਾਉਂਦੇ ਹਾਂ ਜੋ ਕਦੀ ਕਾਇਆ ਨਾ ਬਦਲੇ, ਸਦਾ ਇਕ ਰਸ ਅਮਰ.... ਪੱਖ-ਪਾਤ ਬਿਨ੍ਹਾਂ ਉਪਦੇਸ਼ ਕਰਦਾ ਰਹੇ। ਐਸਾ ਸਮਦਰਸ਼ੀ, ਨਿਰਬਿਕਾਰ, ਅਥਾਹ ਗੁਰੂ ਥਾਪਾਂਗੇ ਜੋ ਤੁਹਾਡੀਆਂ ਸਰਬ ਕਾਮਨਾਵਾਂ ਪੂਰੀਆਂ ਕਰਦਾ ਰਹੇ।

ਹੁਣ ਤੱਕ ਦੇ ਸਿੱਖ ਇਤਿਹਾਸ ਅਤੇ ਆਮ ਮਨੁੱਖੀ ਭਾਈਚਾਰੇ ਦੀ ਅਟੁੱਟ ਸ਼ਰਧਾ ਵਿਸ਼ਵਾਸ ਦੀ ਹਕੀਕਤ ਸ਼ਬਦ ਗੁਰੂ

ਦੀ ਸਾਰਥਕ, ਸੁਚੱਜੀ ਅਤੇ ਰੱਬੀ ਅਗਵਾਈ ਦੇ ਪ੍ਰਤੱਖ ਪ੍ਰਮਾਣ ਹਨ। ਇਹੀ ਸਚਾਈ ਸਦੀਵੀਂ ਅਗਵਾਈ ਲਈ ਪ੍ਰੇਰਣਾਸ੍ਰੋਤ ਹੈ।

ਧਰਮ ਗ੍ਰੰਥ ਧਰਮ ਦਾ ਕੇਂਦਰੀ ਧੁਰਾ ਹੁੰਦਾ ਹੈ। ਜਿਸ ਵਿਚ ਉਸ ਧਰਮ ਨਾਲ ਸੰਬੰਧਿਤ ਪੈਗੰਬਰਾਂ ਜਾਂ ਰਹਿਬਰਾਂ ਦੀਆਂ ਰੂਹਾਂ ਦਾ ਪ੍ਰਗਟਾਵਾ ਹੁੰਦਾ ਹੈ। ਅਸਲ ਵਿਚ ਧਰਮ ਗ੍ਰੰਥਾਂ ਵਿਚਲੇ ਬਚਨ 'ਉਸ ਦੇਸ਼ ਦੀਆਂ ਗੱਲਾਂ ਹੁੰਦੀਆਂ ਹਨ, ਜੋ 'ਇਸ ਦੇਸ਼ ਦੀ ਬੋਲੀ, ਸੱਭਿਆਚਾਰ ਤੇ ਕਲਾ ਦੇ ਪ੍ਰਸੰਗ ਵਿਚ ਦੱਸੇ ਗਏ ਹੁੰਦੇ ਹਨ। ਜਦੋਂ ਤੱਕ ਕਿਸੇ ਵੀ ਧਰਮ ਕੋਲ ਉਸ ਦਾ ਇਕ ਧਰਮ ਗ੍ਰੰਥ ਮੌਜੂਦ ਨਹੀਂ ਉਸਨੂੰ ਧਰਮ ਦੀ ਪ੍ਰੀਭਾਸ਼ਾ ਵਿਚ ਲਿਆਂਦਾ ਹੀ ਨਹੀਂ ਜਾ ਸਕਦਾ। ਹਿੰਦੂ ਧਰਮ ਨਾਲ ਇਹੀ ਦੁਖਾਂਤ ਵਾਪਰਿਆ ਹੈ ਇੱਕ ਕੇਂਦਰੀ ਧਰਮ ਗ੍ਰੰਥ ਦੀ ਅਣਹੋਂਦ ਕਰਦੇ ਉਸਨੂੰ ਇਕ ਧਰਮ ਵਾਲੇ ਚੋਖਟੇ ਵਿਚ ਰੱਖ ਕੇ ਨਹੀਂ ਵਿਚਾਰਿਆ ਜਾ ਸਕਦਾ। ਹਿੰਦੂ ਧਰਮ ਕੋਲ ਭਾਵੇਂ ਵੇਦਾਂ-ਉਪਨਿਸ਼ਦਾਂ ਦਾ ਅਮੀਰ ਖਿਆਲ ਪ੍ਰਬੰਧ ਮੌਜੂਦ ਹੈ ਪਰ ਇਨ੍ਹਾਂ ਧਰਮ ਗ੍ਰੰਥਾਂ ਵਿਚਲੇ ਵਿਚਾਰਾਂ ਨੂੰ ਇੱਕ ਲੜੀ ਵਿਚ ਪਰੋਇਆ ਨਹੀਂ ਜਾ ਸਕਦਾ।

ਧਰਮ ਗ੍ਰੰਥ ਪੈਗੰਬਰਾਂ ਜਾਂ ਗੁਰੂਆਂ ਦੀ ਰੱਬ ਨਾਲ ਹੋਈ ਗੱਲਬਾਤ ਦੇ ਇਸ਼ਾਰੇ ਦਿੰਦੇ ਹਨ। ਸਾਰੇ ਧਰਮ ਗ੍ਰੰਥ ਦੈਵੀ ਸੱਚ ਦਾ ਪ੍ਰਕਾਸ਼ ਹੁੰਦੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਧਰਤੀ ਉਪਰ ਨਾਜ਼ਲ ਹੋਏ ਪੂਰਨ ਸੱਚ ਦਾ ਪ੍ਰਗਟਾਵਾ ਹਨ। ਸਾਮੀ ਅਤੇ ਵੈਦਿਕ ਪ੍ਰੰਪਰਾਵਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਕਲਾਵੇ ਵਿਚ ਆ ਕੇ ਪੂਰਨ ਹੁੰਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਪੰਜਵੇਂ ਜਾਮੇ ਦੌਰਾਨ ਸ੍ਰੀ ਅੰਮ੍ਰਿਤਸਰ ਦੀ ਧਰਤੀ ਤੇ ਵਾਪਰੇ ਇਸ ਰੱਬੀ ਕਾਰਨਾਮੇ (ਗੁਰੂ ਗ੍ਰੰਥ ਦੀ ਸੰਪਾਦਨਾ) ਨੂੰ ਆਨੰਦ ਨਾਲ ਲਬਰੇਜ਼ ਅਸਚਰਜਤਾ ਨਾਲ ਹੀ ਸਮਝਿਆ ਜਾ ਸਕਦਾ। ਧਰਮਾਂ ਦੇ ਸੰਸਥਾਗਤ ਰੂਪਾਂ ਨੂੰ ਰਹਿਬਰਾਂ ਦੀ ਸੋਚ ਨੇ ਹੀ ਪੱਕਿਆਂ ਕਰਨਾ ਹੁੰਦਾ ਹੈ ਜੋ ਧਰਮ ਗ੍ਰੰਥਾਂ ਵਿਚ ਵਿਦਮਾਨ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸ ਧਰਤੀ ਤੇ ਵਾਪਰੀ ਇਲਾਹੀ ਕਰਾਮਾਤ ਹੈ ਜਿਸ ਦੇ ਅਰਥ ਅਸੀਂ ਅੱਜ ਤੱਕ ਨਹੀਂ ਜਾਣ ਸਕੇ। ਹੋ ਸਕਦਾ ਹੈ ਜਾਣ ਵੀ ਨਾ ਸਕੀਏ ਕਿਉਂਕਿ ਰੂਹਾਨੀ ਖੇੜੇ ਨੂੰ ਲਫ਼ਜ਼ਾਂ ਦੀਆਂ ਕੰਧਾਂ ਵਿਚ ਘੇਰਨਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਇਕ ਕਾਰਣ ਇਹ ਵੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਨੂੰ ਨਿਸ਼ਚਿਤ ਕਰਨ ਲਈ ਭਾਵੇਂ ਕੁਝ ਵਿਆਕਰਣਕ ਪੱਧਰ ਤੇ ਯਤਨ ਕੀਤੇ ਹਨ ਪਰ ਵਿਆਕਰਣ ਰੱਬੀ ਸੱਚ ਦੇ ਹਾਣ ਦੀ ਨਹੀਂ ਹੁੰਦੀ ਬਲਕਿ ਉਸ ਤੋਂ ਬਹੁਤ ਛੋਟੀ ਹੁੰਦੀ ਹੈ। ਧਰਮ ਗ੍ਰੰਥ ਅਰਥਾਂ ਨਾਲੋਂ ਅਹਿਸਾਸ ਦੇ ਜ਼ਿਆਦਾ ਲਾਗੇ ਹੁੰਦੇ ਹਨ। ਆਤਮਾ ਦੀ ਸੰਵੇਦਨਸ਼ੀਲਤਾ ਹੀ ਇਸ ਦੇ ਰੂ-ਬਰੂ ਹੋ ਸਕਦੀ ਹੈ। ਅਕਲਾਂ ਤੇ ਬੋਝ ਪਾ ਕੇ ਕੱਢੇ ਅਰਥ ਵੀ ਬੋਝਲ ਸਿੱਧ ਹੁੰਦੇ ਹਨ। ਜੋ ਸੰਬੰਧਿਤ ਕੌਮ ਦੇ ਸੱਭਿਆਚਾਰ ਤੇ ਕਲਾ ਨੂੰ ਪਾਲ ਨਹੀਂ ਸਕਦੇ, ਬੱਸ ਇੱਕ ਝੂਠਾ ਧਰਵਾਸ ਜ਼ਰੂਰ ਹੁੰਦੇ ਹਨ। ਆਤਮਾ ਦਾ ਗਿਆਨ ਸਦਾ-ਬਹਾਰ ਬਾਗਾਂ ਵਰਗਾ ਹੈ ਜੋ ਥੱਕਿਆਂ-ਟੁੱਟਿਆਂ, ਭੁਲਿਆਂ-ਭਟਕਿਆ ਨੂੰ ਆਰਾਮ ਦਿੰਦਾ ਹੈ। ਅਸੀਂ ਅਕਲ ਜਾਂ ਇਲਮ ਦੇ ਫੈਲਾਅ ਵਿਚੋਂ ਉਸ ਗਿਆਨ ਦਾ ਸੰਕੇਤ ਮਾਤਰ ਵੀ ਤਾਂ ਹੀ ਲੱਭਸਕਦੇ ਹਾਂ ਜੇ ਅਕਲ ਜਾਂ ਇਲਮ ਧਰਮ ਗ੍ਰੰਥ ਦੀ ਸ਼ਰਨ ਵਿਚ ਆਵੇ। ਇਥੇ ਮੈਂ ਪ੍ਰੋ: ਪੂਰਨ ਸਿੰਘ ਜੀ ਦਾ ਹਵਾਲਾ ਦੇਣਾ ਚਾਹਵਾਂਗਾ ਉਹ ਲਿਖਦੇ ਹਨ ‘‘ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਆਸਰੇ ਹੀ ਸਭ ਵਿਹਾਰਕ ਖੇਡ ਹੈ। ਜਿੰਦ-ਜਾਨ ਵਾਲਾ ਕੋਈ ਐਸਾ ਫ਼ਕੀਰ ਨਹੀਂ ਜੋ ਗੁਰਬਾਣੀ ਦੇ ਰਾਜ ਦਾ ਕਾਇਲ ਨਾ ਹੋਵੇ ਪਰ ਸਤਿਗੁਰਾਂ ਦੇ ਸਿੱਖ ਨੂੰ ਗੁਰਬਾਣੀ ਸਧਾਰਨ ਸਾਹਿਤ ਦਾ ਰੂਪ ਨਹੀਂ ਦਿੱਸਦੀ। ਸਾਡੀਆਂ ਨਾੜਾਂ ਅਤੇ ਦਿਲਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਖੂਨ ਚਲਦਾ ਹੈ। ਅਸੀਂ ਇਸ ਬਾਣੀ ਦੇ ਸਾਜੇ ਹੋਏ ਹਾਂ ਇਹ ਸਾਡਾ ਕਰਤਾਰ ਹੈ।" ਭਗਤ ਕਬੀਰ ਜੀ ਵੀ ਫੁਰਮਾਉਂਦੇ ਹਨ :

"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰੁ"।

ਬਾਹਰੀ ਨਜ਼ਰੀਏ ਤੋਂ ਵਾਚਿਆਂ, ਇਹ ਭਾਰਤ ਦੀ ਧਰਤੀ ਦਾ ਪੰਜ ਸਦੀਆਂ ਦਾ ਰੂਹਾਨੀ ਪ੍ਰਕਾਸ਼ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇਸ ਦੁਨੀਆਂ ਨੂੰ ਰੱਬ ਵੱਲੋਂ ਕੀ ਸੁਨੇਹਾ ਮਿਲਿਆ? ਜਾਂ ਇਸ ਪਵਿੱਤਰ ਬਾਣੀ ਨੇ ਸੰਸਾਰ ਦੇ ਲੋਕਾਂ ਦੇ ਜੀਵਨ ਵਿੱਚ ਕੀ ਤਬਦੀਲੀਆਂ ਲਿਆਂਦੀਆਂ? ਜਾਂ ਉਨ੍ਹਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ? ਗੁਰੂ ਗ੍ਰੰਥ ਸਾਹਿਬ ਵਿਚੋਂ ਸਾਡੀ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਕੀ ਸੇਧ ਮਿਲਦੀ ਹੈ? ਮੈਂ ਇਸ ਪ੍ਰਸੰਗ ਵਿਚ ਆਪਣੇ ਖਿਆਲ ਪ੍ਰਬੰਧ ਦੀ ਸਿਰਜਨਾ ਕੀਤੀ ਹੈ।

TotaliVision of Life : ਗੁਰੂ ਗ੍ਰੰਥ ਸਾਹਿਬ ਵਿੱਚ ਸੰਪੂਰਨ ਜ਼ਿੰਦਗੀ ਦਾ ਮਾਡਲ ਦਿੱਤਾ ਗਿਆ ਹੈ ਜੋ ਜੀਵਨ ਦੇ ਹਰ ਕੋਨੇ ਨੂੰ ਰੁਸ਼ਨਾਉਂਦਾ ਹੈ ਇਹ ਕੋਈ ਨਿੱਜੀ ਕਿਸਮ ਦੀ ਮੁਕਤੀ ਭਾਲਣ ਵਾਲਾ ਧਰਮ ਨਹੀਂ ਬਲਕਿ ਇਹ ਸਮੂਹ ਦੀ ਜ਼ਿੰਦਗੀ ਹੈ ਜਿਸ ਵਿੱਚ 'ਸੰਗਤ' ਦੀ ਪ੍ਰਧਾਨਤਾ ਹੈ। ਜੋਗੀਆਂ, ਸੰਨਿਆਸੀਆਂ ਦੀ ਭਗਤੀ ਨਿੱਜ ਅਧਾਰਿਤ ਹੈ। ਸਿੱਖ ਬੰਦਗੀ ਨਿੱਜ ਨੂੰ ਤੋੜ ਕੇ ਸਮੂਹ ਨੂੰ ਕਲਾਵੇ ਵਿੱਚ ਲੈਂਦੀ ਹੈ। ਇਹ ਵੈਦਿਕ ਪ੍ਰੰਪਰਾ ਵਾਂਗ ਮਾਨਵੀ ਜੀਵਨ ਦੀ ਡੱਬਾਬੰਦੀ ਨਹੀਂ ਕਰਦੀ। ਗੁਰੂ ਸਾਹਿਬਾਂ ਦੀ ਮੌਜੂਦਗੀ ਸਮੇਂ ਵਿਚ ਸਿੱਖ ਜੀਵਨ ਜ਼ਿੰਦਗੀ ਦੇ ਹੋਰ ਰਾਹਾਂ ਦਾ ਹਾਣੀ ਸਾਬਤ ਹੁੰਦਾ ਹੈ।

Symbol of Diversities : ਅੱਜ ਦੀ ਤੇਜ਼ ਜ਼ਿੰਦਗੀ ਦੌਰਾਨ ਜਿਵੇਂ ਦੁਨੀਆ ਸੰਸਾਰੀਕਰਣ ਜਾਂ ਸੰਸਾਰ ਦੇ ਏਕੀਕਰਣ (Globalisation) ਵੱਲ ਵੱਧ ਰਹੀ ਹੈ। ਉਸ ਵਿੱਚੋਂ ਵਿਭਿੰਨਤਾਵਾਂ ਅਤੇ ਵੰਨ-ਸੁਵੰਨਤਾ ਨੂੰ ਸਹਿਣ ਕਰਨ ਦੀ ਸ਼ਕਤੀ ਖਤਮ ਹੋ ਰਹੀ ਹੈ। ਅਮਰੀਕਾ ਦੇ ਫਲਸਤੀਨ, ਅਫ਼ਗਾਨਿਸਤਾਨ, ਇਰਾਕ, ਕੁਵੈਤ, ਇਰਾਨ ਤੇ ਵੀਤਨਾਮ ਨਾਲ ਸਬੰਧ, ਭਾਰਤ ਦੀ ਬਹੁ ਗਿਣਤੀ ਦਾ ਇਥੋਂ ਦੀਆਂ ਘੱਟ ਗਿਣਤੀਆਂ ਪ੍ਰਤੀ ਦੇਖਣ ਵਿੱਚ ਆਇਆ ਫਿਰਕੂ ਤੇ ਨਫ਼ਰਤ ਭਰਿਆ ਰਵੱਈਆ ਇਨ੍ਹਾਂ ਗੱਲਾਂ ਨੂੰ ਤਸਦੀਕ ਕਰਦਾ ਹੈ। ਸੈਮੂਅਲ ਹਟਿੰਗਟਨ ਦਾ 'Clash of Civilisations' ਵੀ ਇਸੇ ਸੰਦਰਭ ਵਿੱਚ ਵਿਚਾਰਿਆ ਜਾ ਸਕਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਕੁਦਰਤੀ ਕਨੂੰਨਾਂ ਤਹਿਤ ਆਏ ਵੱਖ-ਵੱਖ ਸੱਭਿਆਚਾਰਾਂ ਤੇ ਖਿੱਤਿਆਂ ਨਾਲ ਸਬੰਧਿਤ ਮਹਾਂਪੁਰਸ਼ਾਂ ਦਾ ਗਿਆਨ ਇਸ ਨੂੰ ਇੱਕ ਨਿਵੇਕਲੀ ਦਿੱਖ ਦਿੰਦਾ ਹੈ। ਇਹ ਵਡਿਆਈ ਦੁਨੀਆਂ ਦੇ ਕਿਸੇ ਵੀ ਹੋਰ ਧਰਮ ਗ੍ਰੰਥ ਵਿਚ ਦੇਖਣ ਨੂੰ ਨਹੀਂ ਮਿਲਦੀ।

Economic Message : ਹੱਥੀਂ ਕੰਮ ਕਰਨਾ (ਕਿਰਤ) ਸਿੱਖ ਦੀ ਤਰਜ਼ੇ-ਜ਼ਿੰਦਗੀ ਦਾ ਅਹਿਮ ਹਿੱਸਾ ਰਿਹਾ ਹੈ। ਕਿਰਤ ਕਰਨ ਵਾਲਾ ਇਨਸਾਨ ਜਿਥੇ ਮਾਨਸਿਕ ਤੇ ਸਰੀਰਿਕ ਵਿਕਾਰਾਂ ਦੀ ਜਕੜ ਤੋਂ ਬਚਿਆ ਰਹਿੰਦਾ ਹੈ। ਉਥੇ ਨਾਲ ਹੀ ਉਹ ਰੱਬ ਦੇ ਦਰ ਉੱਪਰ ਵੀ ਖਰਾ ਸਿੱਧ ਹੁੰਦਾ ਹੈ। ਗੁਰਬਾਣੀ ਇਨਸਾਨ ਉੱਤੇ ਇਹ ਫਰਜ਼ ਆਇਦ ਕਰਦੀ ਹੈ ਕਿ ਉਸ ਨੇ ਹੱਥੀਂ ਕਿਰਤ ਕਰਕੇ ਸਿਰਫ ਆਪ ਹੀ ਨਹੀਂ ਖਾਣਾ ਬਲਕਿ ਲੋੜਵੰਦ ਦੀ ਵੀ ਮਦਦ ਕਰਨੀ ਹੈ। ਸਿੱਖ ਸੱਭਿਆਚਾਰ ਵਿੱਚ ਦਸਵੰਧ ਦਾ ਵੀ ਵੱਡਾ ਮਹੱਤਵ ਹੈ। ਹੋਰਾਂ ਦੀ ਕਮਾਈ ਤੇ ਪਲ ਕੇ ਧਾਰਮਿਕ ਕਹਾਉਣ ਵਾਲਿਆਂ ਨੂੰ ਗੁਰੂ ਸਾਹਿਬ "ਮਖੱਟੂ" ਕਹਿੰਦੇ ਹਨ। ਜਦੋਂ ਸਿਮਰਨ ਦੇ ਨਾਲ ਸੱਚੀ ਕਿਰਤ ਜੁੜਦੀ ਹੈ ਤਾਂ ਸੱਚਾ ਗਿਆਨ ਪੈਦਾ ਹੁੰਦਾ ਤੇ ਨਵੇਂ ਸਮਾਜ ਦੀ ਘਾੜਤ ਘੜੀ ਜਾਣੀ ਸ਼ੁਰੂ ਹੋ ਜਾਂਦੀ ਹੈ । ਗੁਰਮਤਿ ਦੇ ਆਰਥਿਕ ਸੰਕਲਪ ਇਸੇ ਕਰਕੇ ਸਮਾਜਵਾਦ ਅਤੇ ਪੂੰਜੀਵਾਦ ਨਾਲੋਂ ਵਧੇਰੇ ਵਿਵਹਾਰਕ ਹਨ। ਗੁਰੂ-ਘਰ ਵਿਚ ਪੂੰਜੀ ਦਾ ਵੀ ਵਿਸਮਾਦੀਕਰਨ ਕਰ ਦਿੱਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਸਿੱਖ ਹੱਥਾਂ ਦੀ ਮਿਹਨਤ ਕਰਕੇ ਆਪਣਾ ਘਰ-ਬਾਰ ਚਲਾਉਂਦੇ ਸਨ। ਭਾਈ ਲਾਲੋ ਜੀ ਅੱਜ ਦੇ ਬਹੁਤੇ ਡੇਰੇਦਾਰ ਬਾਬਿਆਂ ਅਤੇ ਅਮੀਰ ਸਮਾਜ ਸੁਧਾਰਕਾਂ ਨਾਲੋਂ ਕਿਤੇ ਮਹਾਨ ਆਤਮਾ ਸਨ।

ਅੱਜ ਵਿਗਿਆਨ ਦੇ ਯੁੱਗ ਵਿਚ ਜਿਸ ਤਰ੍ਹਾਂ ਦੇ ਕੰਮ-ਧੰਦੇ ਈਜ਼ਾਦ ਕੀਤੇ ਜਾ ਰਹੇ ਹਨ ਜਾਂ ਧਾਰਨ ਕੀਤੇ ਜਾ ਰਹੇ ਹਨ ਉਨ੍ਹਾਂ ਵਿੱਚ ਕਿਰਤ ਕਰਨ ਵਾਲਾ ਸੱਭਿਆਚਾਰ ਬਿਲਕੁਲ ਹੀ ਗਾਇਬ ਹੈ ਉਹ ਸਿਰਫ਼ ਜਨ-ਸਧਾਰਨ ਦੀ ਲੁੱਟ ਦਾ ਇੱਕ ਸਾਧਨ ਬਣ ਰਹੇ ਹਨ। ਪੰਜਾਬ ਦੇ ਲੋਕਾਂ ਦੀ ਵਿਦੇਸ਼ਾਂ ਵੱਲ ਦੌੜ ਤੇ ਨਸ਼ਿਆਂ ਵਰਗੀਆਂ ਅਲਾਮਤਾਂ, ਗੁਰਬਾਣੀ ਦੇ ਕਿਰਤ ਕਰਨ ਦੇ ਸਿਧਾਂਤ ਵੱਲ ਪਿੱਠ ਦੇਣ ਕਰਕੇ ਹੀ ਪੈਦਾ ਹੋਈਆਂ ਹਨ। ਕਿਰਤੀ ਇਨਸਾਨ ਸਬਰ-ਸੰਤੋਖ ਵਾਲਾ ਹੁੰਦਾ ਹੈ ਇਸ ਕਰਕੇ ਉਹ ਪਦਾਰਥ-ਵਾਦ ਦੀ ਦੌੜ ਵਿੱਚ ਨਹੀਂ ਹੁੰਦਾ। ਬਹੁਤਾ ਧਨ ਇਕੱਠਾ ਕਰਨ ਦੀ ਇੱਛਾ ਹੀ ਮਨੁੱਖ ਨੂੰ ਪੈਸੇ ਦਾ ਗੁਲਾਮ ਬਣਾਉਂਦੀ ਹੈ ਫਿਰ ਜਜ਼ਬਿਆਂ ਤੇ ਰਿਸ਼ਤਿਆਂ ਦੀ ਪ੍ਰਵਾਹ ਨਹੀਂ ਰਹਿੰਦੀ। ਲੰਗਰ ਪ੍ਰਥਾ ਵੀ ਸਿੱਖ ਆਰਥਿਕਤਾ ਦਾ ਹੀ ਗੁਣ ਹੋ ਸਕਦਾ ਹੈ।

Political Consciousness : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਮੁਤਾਬਕ ਆਪਾ ਢਾਲਣ ਵਾਲਾ ਇਨਸਾਨ ਜਿੱਥੇ ਅਧਿਆਤਮਕ ਪੱਧਰ ਤੇ ਜਾਗਿਆ ਹੋਇਆ ਹੁੰਦਾ ਹੈ ਉੱਥੇ ਉਹ ਜ਼ਿੰਦਗੀ ਦੇ ਪੱਧਰ ਤੇ ਵੀ ਬਾਜ਼ ਨਿਗ੍ਹਾ ਰੱਖਦਾ ਹੈ। ਗੁਰਬਾਣੀ ਮੁਤਾਬਕ ਅਜਿਹਾ ਹੋ ਹੀ ਨਹੀਂ ਸਕਦਾ ਕਿ ਧਾਰਮਿਕ ਪੁਰਸ਼ ਭਗਤੀ ਕਰਨ ਪਰ ਆਮ ਜਨ ਜੀਵਨ ਹਾਕਮਾਂ ਹੱਥੋਂ ਦੁੱਖ ਸਹਿ ਰਿਹਾ ਹੋਵੇ।

ਗੁਰੂ ਸਾਹਿਬਾਨ ਦੀ ਸੋਚ ਅਨੁਸਾਰ ਮਨੁੱਖ ਧਰਤੀ ਉੱਪਰ ਆਜ਼ਾਦ ਰੂਪ ਨਾਲ ਪੈਦਾ ਹੋਇਆ ਹੈ। ਉਸ ਉੱਪਰ ਕਿਸੇ

ਵੀ ਤਰ੍ਹਾਂ ਦੀਆਂ ਪਾਬੰਦੀਆਂ ਲਾਉਣੀਆਂ ਰੱਬੀ ਹੁਕਮ ਵਿੱਚ ਉਲੰਘਣਾ ਪੈਦਾ ਕਰਨ ਵਰਗਾ ਹੈ। ਅੰਮ੍ਰਿਤ ਛਕਾਉਣ ਵੇਲੇ ਸਿੱਖ ਨੂੰ ਇਹ ਕਹਿਣਾ ਅੱਜ ਤੋਂ ਤੇਰਾ ਧਰਮ ਨਾਸ਼, ਕਰਮ ਨਾਸ਼, ਭਰਮ ਨਾਸ਼, ਕੁੱਲ ਨਾਸ਼ ਅਤੇ ਕਿਰਤ ਨਾਸ਼ ਸਿੱਖ ਨੂੰ ਬੰਧਨਾ ਤੋਂ ਪਾਰ ਆਜ਼ਾਦ ਜ਼ਿੰਦਗੀ ਜਿਉਣ ਦਾ ਬਲ ਬਖ਼ਸ਼ਦਾ ਹੈ। ਮਨੁੱਖ ਮਨੁੱਖ ਦੀ ਗੁਲਾਮੀ ਕਰੇ ਇਹ ਠੀਕ ਨਹੀਂ, ਤਾਕਤਵਰ ਕੌਮਾਂ ਨੂੰ ਕੋਈ ਹੱਕ ਨਹੀਂ ਕਿ ਉਹ ਕਮਜ਼ੋਰ ਕੌਮਾਂ ਤੇ ਰਾਜ ਕਰਨ ਜਾਂ ਉਨ੍ਹਾਂ ਨੂੰ ਗੁਲਾਮ ਬਨਾਉਣ ਬਲਕਿ ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਵੀ ਆਪਣੇ ਬਰਾਬਰ ਲਿਆਉਣ ਲਈ ਉਨ੍ਹਾਂ ਦੀ ਮਦਦ ਕਰਨ। ਗੁਰੂ ਗ੍ਰੰਥ ਸਾਹਿਬ "ਨਾ ਡਰੋ ਤੇ ਨਾ ਡਰਾਓ" ਦੇ ਅਮਲ ਨੂੰ ਪ੍ਰਤੱਖ ਕਰਨਾ ਚਾਹੁੰਦੇ ਹਨ। ਇਸੇ ਕਰਕੇ ਸਿੱਖ ਪੰਥ ਨੂੰ ਪ੍ਰਮਾਤਮਾ ਦੀ ਫੌਜ ਕਿਹਾ ਜਾਂਦਾ ਹੈ ਜੋ ਧਰਤੀ ਉੱਪਰ ਪ੍ਰਮਾਤਮਾ ਦਾ ਰਾਜ ਸਥਾਪਿਤ ਕਰਨ ਲਈ ਅਜ਼ਾਦ ਰੂਪ ਵਿੱਚ ਪੈਦਾ ਹੋਈ ਹੈ। ਮਨੁੱਖ ਸਿਰਫ਼ ਤੇ ਸਿਰਫ਼ ਪਰਮਾਤਮਾ ਅੱਗੇ ਹੀ ਜਵਾਬਦੇਹ ਹੈ ਨਾ ਕਿ ਦੁਨਿਆਵੀ ਹਾਕਮਾਂ ਅੱਗੇ। ਇਨਸਾਨ ਨੂੰ ਹਕੂਮਤਾਂ ਦੇ ਡਰ ਅੱਗੇ ਝੁਕਣਾ ਨਹੀਂ ਚਾਹੀਦਾ ਬਲਕਿ ਹਾਕਮਾਂ ਦੀਆਂ ਵਧੀਕੀਆਂ ਦਾ ਜਵਾਬ ਦੇਣਾ ਚਾਹੀਦਾ ਹੈ। ਰੱਬ ਤੋਂ ਡਰਨ ਵਾਲੇ ਇਨਸਾਨ ਨੂੰ ਬਾਦਸ਼ਾਹੀਆਂ ਡਰਾ ਨਹੀਂ ਸਕਦੀਆਂ। ਰੱਬ ਅੱਗੇ ਝੁਕਣ ਵਾਲੇ ਸਿਰ ਦੁਨਿਆਵੀ ਪਾਤਸ਼ਾਹਾਂ ਅੱਗੇ ਨਹੀਂ ਝੁੱਕ ਸਕਦੇ ਇਹ ਸਿਰਫ਼ ਕੱਟ ਸਕਦੇ ਹਨ ਆਪਣੇ ਅਕੀਦੇ ਅਤੇ ਸਿਦਕ ਲਈ। ਜੇ ਸਮਾਜ ਵਿੱਚ ਭ੍ਰਿਸ਼ਟਾਚਾਰ, ਬੇਇਮਾਨੀ ਤੇ ਜ਼ੁਲਮ ਦਾ ਬੋਲ ਬਾਲਾ ਹੈ ਤਾਂ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਵਿਰੁੱਧ ਲੜੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਜੇ ਦੇ ਗੁਣਾਂ ਬਾਰੇ ਦੱਸਦਿਆਂ ਉਸ ਨੂੰ ਪ੍ਰਭਾਸ਼ਿਤ ਕੀਤਾ ਹੈ ਤੇ ਉਸ ਦੇ ਆਦਰਸ਼ਕ ਕੰਮਾਂ ਬਾਰੇ ਵੀ ਵਿਸਥਾਰ ਸਹਿਤ ਚਰਚਾ ਕੀਤੀ ਹੈ।

ਗੁਰੂ ਸਾਹਿਬ ਦੇ ਫ਼ਲਸਫੇ ਤੋਂ ਮਿਲੀ ਰਾਜਨੀਤਿਕ ਪ੍ਰੇਰਨਾ ਹੀ ਸੀ ਕਿ ਸਿੱਖਾਂ ਨੇ ਇੱਕ ਵਿਸ਼ਾਲ ਰਾਜ ਸਥਾਪਤ ਕੀਤਾ। ਇਹ ਰਾਜ ਧਾਰਮਿਕ ਜਜ਼ਬੇ ਤਹਿਤ ਹੀ ਪ੍ਰਾਪਤ ਕੀਤਾ। ਗਿਆ ਸੀ। ਅੱਜ ਤੱਕ ਦਾ ਸਿੱਖ ਇਤਿਹਾਸ ਇਸ ਗੱਲ ਦੀ ਵੀ ਗਵਾਹੀ ਦਿੰਦਾ ਹੈ ਕਿ ਸਿੱਖ ਦੀ ਰਾਜਨੀਤਿਕ ਜੰਗ ਕਿਸੇ ਦੁਨਿਆਵੀ ਨਫ਼ੇ-ਨੁਕਸਾਨ ਲਈ ਨਹੀਂ ਬਲਕਿ "ਹਲੇਮੀ ਰਾਜ" ਦੀ ਸਥਾਪਨਾ ਵੱਲ ਯਤਨ ਹੈ ਜਿੱਥੇ ਹਰ ਪੁਰਖ ਅਜ਼ਾਦੀ ਤੇ ਅਣਖ ਭਰਪੂਰ ਜੀਵਨ ਜਿਊਂ ਸਕੇ।

Unity of Termporal & Physical World: ਪ੍ਰਮਾਤਮਾ ਦੀ ਪ੍ਰਾਪਤੀ ਲਈ ਭਾਰਤੀ ਆਧਿਆਤਮਵਾਦ ਅਨੁਸਾਰ ਜੰਗਲਾਂ ਵਿੱਚ ਜਾ ਕੇ ਤਪ ਕੀਤਾ ਜਾਂਦਾ ਸੀ। ਆਸ਼ਰਮ ਧਰਮ ਤੇ ਸਖ਼ਤੀ ਨਾਲ ਪਹਿਰਾ ਦਿੱਤਾ ਜਾਂਦਾ ਸੀ।

ਇਸ ਦੁਨੀਆਂ ਨੂੰ ਜ਼ਹਿਰ ਸਮਝਿਆ ਜਾਂਦਾ ਸੀ ਜਿਸ ਵਿੱਚ ਗਲਤਾਨ ਹੋ ਕੇ ਮਨੁੱਖ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਨੇ ਪ੍ਰਚਲਿਤ ਵਿਚਾਰਾਂ ਦੇ ਉਲਟ ਜਾ ਕੇ ਨਵਾਂ ਵਿਚਾਰ ਦਿੱਤਾ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੇ ਰਹਿਣ ਦੀ ਥਾਂ ਹੈ। ਰੱਬ ਇਸ ਵਿੱਚ ਹੀ ਨਿਵਾਸ ਕਰਦਾ ਹੈ। ਇਨਸਾਨ ਇਸ ਧਰਤੀ ਤੇ ਰਹਿੰਦਿਆਂ ਸਚਿਆਰ ਜੀਵਨ ਜੀਊਂ ਕੇ ਪਰਮਾਤਮਾ ਨੂੰ ਪਾ ਸਕਦਾ। ਇਸ ਗੱਲ ਨੂੰ ਸਮਝਾਉਣ ਲਈ ਕਮਲ ਦੀ ਉਦਾਹਰਣ ਦਿੱਤੀ ਗਈ ਹੈ ਜੋ ਚਿੱਕੜ ਵਿੱਚ ਰਹਿੰਦਿਆਂ ਪੂਰੀ ਖੂਬਸੂਰਤੀ ਨਾਲ ਖਿੜਦਾ ਹੈ ਪਰ ਖੁਦ ਚਿੱਕੜ ਤੋਂ ਨਿਰਲੇਪ ਵੀ ਰਹਿੰਦਾ ਹੈ। ਗ੍ਰਹਿਸਤ ਧਰਮ ਨੂੰ ਸਿੱਖ ਧਰਮ ਵਿੱਚ ਪ੍ਰਮੁੱਖ ਥਾਂ ਦਿੱਤੀ ਗਈ ਹੈ। ਹੋਰ ਤਾਂ ਹੋਰ ਵਾਹਿਗੁਰੂ ਨੂੰ ਸਭ ਤੋਂ ਵੱਡਾ ਗ੍ਰਹਿਸਤੀ ਪ੍ਰਵਾਨਿਆ ਗਿਆ ਹੈ। ਇਹ ਸਾਰੀ ਕਾਇਨਾਤ ਉਸ ਪਰਮ ਪਿਤਾ ਪਰਮਾਤਮਾ ਦਾ ਹੀ ਪ੍ਰਗਟਾਵਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਧਰਤੀ ਦੇ ਸੁਹੱਪਣ ਨੂੰ ਨਿਰੋਲ ਵਾਸ਼ਨਾਵਾਂ ਕਹਿ ਕੇ ਨਹੀਂ ਨਕਾਰਿਆ ਹੈ ਸਗੋਂ ਇਨ੍ਹਾਂ ਪ੍ਰਤੀ ਵਾਧੂ ਉਪਭੋਗਤਾਵਾਦੀ ਦ੍ਰਿਸ਼ਟੀਕੋਣ ਹੀ ਮਨੁੱਖ ਅੰਦਰ ਪਈਆਂ ਮਨਮੁਖੀ ਵਿਰਤੀਆਂ ਨੂੰ ਜਗਾਉਂਦਾ ਹੈ, ਜਿਸ ਬਾਰੇ ਗੁਰੂ ਸਾਹਿਬਾਨ ਕਹਿੰਦੇ ਹਨ ਕਿ "ਹੇ ਮਨੁੱਖ ਤੂੰ ਇਨ੍ਹਾਂ ਸੰਸਾਰੀ ਰਸਾਂ ਵਿਚ ਕਿਉਂ ਖਚਤ ਹੋਇਆ ਪਿਆ ਏਂ, ਇਹ ਤਾਂ ਬਾਗ਼ ਵਿੱਚ ਖਿੜੇ ਹੋਏ ਫੁੱਲ ਹਨ ਜੋ ਬਹਾਰ ਤੋਂ ਬਾਅਦ ਮੁਰਝਾ ਜਾਣਗੇ।"

God as The Nature : ਸਿੱਖੀ ਵਿੱਚ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਾਉਣ ਲਈ ਕੁਦਰਤ ਇੱਕ ਪ੍ਰਮੁੱਖ ਸਾਧਨ ਬਣਦੀ ਹੈ। ਇਸ ਵਿਚਲੀ ਵੰਨ-ਸੁਵੰਨਤਾ ਮਨੁੱਖ ਨੂੰ ਇਸ ਸੰਸਾਰ ਤੋਂ ਪਰ੍ਹੇ ਕਿਸੇ ਹੋਰ ਸ਼ਕਤੀ ਵੱਲ ਵੀ ਇਸ਼ਾਰਾ ਕਰਦੀ ਹੈ, ਜਿਸਨੇ ਉਸਨੂੰ ਉਸਾਰਿਆ ਹੈ। ਕਾਇਨਾਤ ਦਾ ਕਣ-ਕਣ ਪਰਮਾਤਮਾ ਨੇ ਖ਼ੁਦ ਪੈਦਾ ਕੀਤਾ ਹੈ ਅਤੇ ਸਾਰੀ ਕੁਦਰਤ ਉਸਦੀ ਇੱਛਾ ਅਨੁਸਾਰ ਹੀ ਕੰਮ ਕਰ ਰਹੀ ਹੈ ਇਸ ਇੱਛਾ ਨੂੰ ਹੁਕਮ ਕਿਹਾ ਜਾਂਦਾ ਹੈ। ਗੁਰੂ ਸਾਹਿਬ ਨੇ ਖ਼ੁਦ ਆਪਣੀ ਜ਼ਿੰਦਗੀ ਦੌਰਾਨ ਕਈ ਥਾਵਾਂ 'ਤੇ ਬਾਗ਼ ਲਗਵਾਏ ਜੋ ਉਨ੍ਹਾਂ ਦੀ ਕੁਦਰਤ ਪ੍ਰਤੀ ਖਿੱਚ ਦੇ ਪ੍ਰਤੀਕ ਹਨ। ਅੱਜ ਮਨੁੱਖ

ਕੁਦਰਤੀ ਸੋਮਿਆਂ ਨੂੰ ਤਬਾਹ ਕਰਨ ਤੇ ਤੁਲਿਆ ਹੋਇਆ ਹੈ। ਗੁਰੂ ਵਰਗੀ ਪੌਣ, ਪਿਤਾ ਸਮਾਨ ਪਾਣੀ, ਮਾਂ ਸਮਾਨ ਧਰਤੀ, ਤੇ ਹੋਰ ਸਾਰਾ ਕੁਦਰਤੀ ਖਜ਼ਾਨਾ ਜੋ ਵਾਹਿਗੁਰੂ ਨੇ ਬੰਦੇ ਨੂੰ ਬਖਸ਼ਿਆ, ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਸਾਇੰਸ ਦੀ ਤਰੱਕੀ ਨੇ ਇਨਸਾਨ ਦਾ ਕੁਦਰਤ ਨਾਲੋਂ ਮੋਹ ਭੰਗ ਕਰ ਦਿੱਤਾ ਹੈ। ਉਹ ਕਿਸੇ ਖੁੱਲ੍ਹੀ ਥਾਂ ਦਰੱਖਤ ਹੇਠ ਬੈਠਣ ਦੀ ਬਜਾਇ ਏ.ਸੀ. ਕਮਰੇ ਵਿੱਚ ਬੈਠ ਕੇ ਵਧੇਰੇ ਖੁਸ਼ ਹੈ, ਉਹ ਨਿੱਜੀ ਮੁਫ਼ਾਦ ਲਈ ਹਰ ਚੀਜ਼ ਨੂੰ ਵਰਤ ਸਕਦਾ ਹੈ। ਅਜਿਹਾ ਕਰਕੇ ਉਹ ਕੁਦਰਤ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਤਾਂ ਕਮਜ਼ੋਰ ਕਰ ਹੀ ਰਿਹਾ ਹੈ ਨਾਲ ਹੀ ਮਾਨਸਿਕ ਤੇ ਸਰੀਰਕ ਵਿਗਾੜ ਵੀ ਪੈਦਾ ਕਰੀ ਜਾ ਰਿਹਾ ਜੋ ਆਉਣ ਵਾਲੀਆਂ ਨਸਲਾਂ ਲਈ ਵਧੇਰੇ ਘਾਤਕ ਹੋਵੇਗਾ। ਪਹਿਲਾਂ ਇਨਸਾਨ ਕੁਦਰਤ ਦੀਆਂ ਰੰਗੀਨੀਆਂ ਤੋਂ ਆਤਮਿਕ ਹੁਲਾਸ ਤੇ ਆਨੰਦ ਪ੍ਰਾਪਤ ਕਰਦਾ ਸੀ ਪਰ ਹੁਣ ਇਕ ਨਿਰਜੀਵ ਚੀਜ਼ ਵਾਂਗ ਇਸ ਨਾਲ ਵਿਵਹਾਰ ਕਰ ਰਿਹਾ ਹੈ। ਸ੍ਰੀ ਆਨੰਦਪੁਰ ਸਾਹਿਬ ਦੀ ਕੁਦਰਤੀ ਸੁੰਦਰਤਾ ਨੂੰ ਤਬਾਹ ਕਰਕੇ ਉੱਥੇ ਵੱਡੇ-ਵੱਡੇ ਮਿਊਜ਼ੀਅਮ ਬਣਾਉਣ ਨੂੰ ਕਿਸੇ ਵੀ ਢੰਗ ਨਾਲ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਦੂਜੇ ਲਫ਼ਜ਼ਾਂ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਗੱਲ ਸਿੱਖ ਪ੍ਰਸੰਗ ਦੇ ਅਨੁਸਾਰੀ ਨਹੀਂ ਹੈ। ਰੀਟਾ, ਸੁਨਾਮੀ ਤੇ ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਇਸੇ ਕਰਕੇ ਹੀ ਵਾਪਰ ਰਹੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਧਰਤੀ ਤੇ ਸੁਖੀ ਜੀਵਨ ਲਈ ਕੁਦਰਤ ਨਾਲ ਇੱਕਸੁਰਤਾ ਦਾ ਸਬਕ ਪੜ੍ਹਾਉਂਦੇ ਹਨ। ਨਿਰੋਲ ਪਦਾਰਥਕ ਦ੍ਰਿਸ਼ਟੀਕੋਣ ਕਰਕੇ ਸਦਾਚਾਰਕ ਅਤੇ ਭਾਈਚਾਰਕ ਕਦਰਾਂ-ਕੀਮਤਾਂ ਵਿੱਚ ਗਿਰਾਵਟ ਆ ਰਹੀ ਹੈ। ਗੁਰਬਾਣੀ ਵਿੱਚ ਕਈ ਥਾਵਾਂ ਤੇ ਗੁਰੂ ਸਾਹਿਬਾਨ ਸਾਨੂੰ ਕੁਦਰਤ ਨਾਲ ਸੰਵਾਦ ਰਚਾਉਂਦੇ ਨਜ਼ਰ ਆਉਂਦੇ ਹਨ।

ਅਸੀਂ ਪਹਿਲਾਂ ਵੀ ਗੱਲ ਚੁੱਕੇ ਹਾਂ ਕਿ ਗੁਰੂ ਸਾਹਿਬਾਨ ਦਾ ਮੁਤਬਰਕ ਸੁਨੇਹਾ ਆਪਣੇ ਆਪ ਵਿੱਚ ਇੱਕ ਸੰਪੂਰਨ ਜੀਵਨ-ਮਾਡਲ ਦੀ ਸਿਰਜਨਾ ਕਰਦਾ ਹੈ ਜਿਸਨੂੰ 'ਗੁਰਮਤ ਗਾਡੀ ਰਾਹ' ਕਿਹਾ ਗਿਆ ਹੈ। ਇਹ ਮਾਨਵੀ ਜੀਵਨ ਦੇ ਹਰ ਪਹਿਲੂ ਨੂੰ ਸੰਬੋਧਿਤ ਹੈ। ਗੁਰੂ ਸ਼ਖਸ਼ੀਅਤਾਂ ਨੇ ਧਰਤੀ ਦੇ ਜੀਵਨ ਦੇ ਹਰ ਪੱਖ ਤੇ ਆਪਣੇ ਵਿਚਾਰ ਪ੍ਰਗਟਾਏ ਹਨ। ਜਿਹੜੇ ਖ਼ਾਲਸੇ ਦੀ ਬਾਹਰੀ ਦਿੱਖ ਵਾਂਗ ਹੀ ਦੁਨੀਆਂ ਦੇ ਪ੍ਰੰਪਰਾਗਤ ਢਾਂਚਿਆਂ ਨਾਲੋਂ ਵਧੇਰੇ ਵਿਲੱਖਣ ਤੇ ਸਿਰਜਣਾਤਮਕ ਹਨ। ਜਿਸ ਪਹਿਲੂ ਵੱਲ ਵਿਦਵਾਨਾਂ ਦਾ ਅਜੇ ਤੱਕ ਬਹੁਤ ਘੱਟ ਧਿਆਨ ਗਿਆ ਹੈ, ਉਹ ਹੈ ਗੁਰੂ ਸਾਹਿਬਾਨ ਦੁਆਰਾ ਪੜ੍ਹਾ ਕੀਤਾ ਗਿਆ ਵਿੱਦਿਅਕ ਢਾਂਚਾ।

ਤਾਲੀਮ ਮਨੁੱਖੀ ਮਨ ਤੇ ਆਤਮਾ ਲਈ ਚਾਨਣ ਵਰਗੀ ਹੈ ਜਿਸ ਦੀ ਰੌਸ਼ਨੀ ਵਿੱਚ ਆਦਮੀ ਨੇ ਧਰਤੀ ਤੇ ਆਪਣੀ ਜ਼ਿੰਦਗੀ ਦਾ ਸਫ਼ਰ ਤੈਅ ਕਰਨਾ ਹੁੰਦਾ ਹੈ। ਇਸਨੂੰ ਮਨੁੱਖ ਦਾ 'ਤੀਜਾ ਨੇਤਰ' ਵੀ ਕਿਹਾ ਗਿਆ ਹੈ ਕਿਉਂਕਿ ਜ਼ਿੰਦਗੀ ਸਿਰਫ਼ ਦਿਸਦੇ ਤੱਕ ਸੀਮਤ ਨਹੀਂ ਇਸ ਤੋਂ ਪਰ੍ਹੇ ਵੀ ਕੁਝ ਹੈ। ਉਸ ਨੂੰ ਦੇਖਣ/ਸਮਝਣ/ਮਹਿਸੂਸ ਕਰਨ ਲਈ ਗਿਆਨ ਦੀ ਲੋੜ ਹੁੰਦੀ ਹੈ। ਵਿੱਦਿਅਕ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਇਹ ਸੁਨੇਹਾ ਦਿੰਦੇ ਹਨ ਕਿ ਗਿਆਨ ਮਨੁੱਖੀ ਆਤਮਾ ਤੇ ਜੀਵਨ ਨੂੰ ਸ਼ਿੰਗਾਰਨ ਲਈ ਹੈ, ਸੁਚੱਜੀ ਜੀਵਨ ਜਾਚ ਲਈ ਹੈ, ਨਾ ਕਿ ਪਦਾਰਥਕ ਪੱਖੋਂ ਨਿਰੇ-ਪੂਰੇ ਖੁਸ਼ਹਾਲ ਹੋਣ ਦਾ ਸਾਧਨ। ਅੱਜ ਦਾ ਪ੍ਰਚੱਲਿਤ ਵਿਦਿਅਕ ਢਾਂਚਾ ਮਾਇਕ ਖੁਸ਼ਹਾਲੀ ਤਾਂ ਪੈਦਾ ਕਰ ਰਿਹਾ ਹੈ ਪਰ ਇਨਸਾਨ ਨੂੰ ਆਤਮਕ ਪੱਖੋਂ ਬੰਜਰ ਜ਼ਮੀਨ ਵਰਗਾ ਬਣਾ ਰਿਹਾ । ਇਸ ਦਾ ਮੁੱਖ ਮਕਸਦ ਚੰਗੇ ਅਧਿਆਪਕ, ਇੰਜੀਨੀਅਰ, ਵਿਗਿਆਨੀ ਆਦਿ ਪੈਦਾ ਕਰਨਾ ਹੀ ਹੈ। ਬੰਦਾ ਨਿਰਾ ਪੂਰਾ ਸਰੀਰਿਕ ਲੋੜਾਂ ਦੇ ਸਹਾਰੇ ਨਹੀਂ ਜਿਉਂਦਾ ਉਸ ਵਿਚ ਆਤਮਿਕ ਭੁੱਖ ਵੀ ਹੈ ਪਰ ਅਜੋਕੀ ਵਿਦਿਆ ਅਜਿਹੀ ਖੁਰਾਕ ਦੇਣੋਂ ਅਸਮਰੱਥ ਹੁੰਦੀ ਜਾਪਦੀ ਹੈ।

ਆਧੁਨਿਕ ਵਿੱਦਿਆ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਇਹ ਇੱਕ ਸਨਅਤ ਵਾਂਗ ਵਿਕਾਸ ਕਰ ਰਹੀ ਹੈ ਪਰ ਸਿੱਖ ਗੁਰੂਆਂ ਨੇ ਇਸ ਨੂੰ ਸੇਵਾ ਵਾਂਗ ਸਤਿਕਾਰ ਦਿੱਤਾ ਹੈ ਅਤੇ ਕਿਹਾ ਹੈ, "ਕਿ ਜੋ ਵਿਅਕਤੀ ਪੈਸੇ ਲਈ ਵਿੱਦਿਆ ਦਾ ਵਪਾਰ ਕਰਦਾ ਹੈ ਉਸ ਦਾ ਜੀਵਨ ਹੀ ਬਿਰਥਾ ਹੈ" ਗੁਰਮਤਿ ਵਿੱਚ ਵਿੱਦਿਆ ਨਾਲ ਪਰਉਪਕਾਰ ਦਾ ਜੁੜਨਾ ਲਾਜ਼ਮੀ ਕੀਤਾ ਗਿਆ ਹੈ। ਅੱਜ ਦੀ ਪੜ੍ਹਾਈ ਨਿਰੋਲ ਨੌਕਰੀ ਪ੍ਰਾਪਤੀ ਲਈ ਯਤਨ ਹੈ ਇਸੇ ਕਰਕੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਕਮਾਈ ਦੇ ਸਾਧਨ ਬਣ ਕੇ ਰਹਿ ਗਈਆਂ ਹਨ। ਕਾਬਿਲ ਇਨਸਾਨਾਂ ਦੀ ਧਰਤੀ ਨੂੰ ਉਡੀਕ ਹੈ ਪਰ ਇਹ ਉਡੀਕ ਲੰਬੀ ਹੁੰਦੀ ਜਾ ਰਹੀ ਹੈ। ਅਜੋਕੀ ਵਿਦਿਆ ਬੰਦੇ ਦੇ ਦਿਮਾਗ ਦਾ ਪਸਾਰ ਹੈ ਨਾ ਕਿ ਬੰਦੇ ਦੀ ਰੂਹ ਦਾ। ਸਿੱਖਿਆ ਉਹ ਹੀ ਭਲੀ ਹੈ ਜੋ ਅੰਦਰੂਨੀ ਅਨੁਭਵ ਦੀ ਉਪਜ ਹੋਵੇ।

ਗੁਰੂ ਗ੍ਰੰਥ ਸਾਹਿਬ ਜੀ ਅੰਮ੍ਰਿਤ ਜਲ ਦੇ ਝਰਨੇ ਹਨ ਜਿਸ ਵੀ ਹਿਰਦੇ ਨੇ ਇਸ ਥੱਲੇ ਇਸ਼ਨਾਨ ਕੀਤਾ ਦੋਹਾਂ ਜਹਾਨਾਂ ਦੀ ਲੋਅ ਉਸ ਵਿੱਚ ਜਜ਼ਬ ਹੋ ਗਈ। ਨੋਬਲ ਪੁਰਸਕਾਰ ਜੇਤੂ ਪਰਲ ਐਸ. ਬੱਕ ਦਾ ਕਹਿਣਾ ਹੈ ਕਿ ਜੋ ਪ੍ਰਭਾਵ ਇਸ ਗ੍ਰੰਥ ਦੇ ਬੋਲਾਂ ਨੇ ਉਸ ਉੱਪਰ ਪਾਇਆ ਹੈ ਉਹ ਕਿਸੇ ਹੋਰ ਗ੍ਰੰਥ ਨੇ ਨਹੀਂ ਪਾਇਆ। ਇਸੇ ਕਰਕੇ ਟਾਇਨਬੀ ਵੀ ਦਾਅਵੇ ਨਾਲ ਆਖਦਾ ਹੈ ਕਿ ਭਵਿੱਖ ਦੀ ਦੁਨੀਆਂ ਨੂੰ ਦੇਣ ਲਈ ਨਵੀਂ ਸੇਧ ਦੀਆਂ ਸੰਭਾਵਨਾਵਾਂ ਇਸ ਗ੍ਰੰਥ ਵਿਚ ਮੌਜੂਦ ਦਿਸਦੀਆਂ ਹਨ। ਇਸ ਮਹਾਨ ਰਚਨਾ ਨੇ ਸੰਸਾਰ ਦੇ ਇਤਿਹਾਸ ਵਿਚ ਕਿਹੜੀਆਂ ਤਬਦੀਲੀਆਂ ਲਿਆਂਦੀਆਂ? ਕਿਹੜੇ ਉਸਾਰੂ ਬਦਲਾਅ ਇਸ ਰਚਨਾ ਤੋਂ ਪ੍ਰੇਰਿਤ ਸਨ? ਉਨ੍ਹਾਂ ਬਾਬਤ ਵੀ ਜ਼ਿਕਰ ਕਰਨਾ ਬਣਦਾ ਹੈ। ਇਸ ਦੇ ਲਈ ਸਾਨੂੰ ਆਪਣੀ ਸੁਰਤਿ ਨੂੰ ਬਰੀਕੀ ਵਿੱਚ ਲਿਜਾਣਾ ਪਵੇਗਾ ਜਿੱਥੋਂ ਗੁਰੂ ਗ੍ਰੰਥ ਸਾਹਿਬ ਦੇ ਭੇਤਾਂ ਦੇ ਕੁਝ ਇਸ਼ਾਰੇ ਹੀ ਸਾਡੇ ਅੰਦਰ ਨੂੰ ਰੋਸ਼ਨ ਕਰ ਦੇਣਗੇ।

ਗੁਰੂ ਗ੍ਰੰਥ ਸਾਹਿਬ ਦੀ ਸੰਸਾਰ ਨੂੰ ਸਭ ਤੋਂ ਵੱਡੀ ਦੇਣ ਹੈ ਨਵੀਂ ਸੱਭਿਅਤਾ ਨੂੰ ਇਸ ਧਰਤੀ ਤੇ ਉਤਾਰਨਾ। ਸਿੱਖ ਧਰਮ ਨਵੀ ਸੱਭਿਅਤਾ ਦੀ ਉਸਾਰੀ ਕਰਦਾ ਹੈ। ਸਾਡੇ ਇਤਿਹਾਸਕਾਰਾਂ ਨੇ ਇਸ ਨੂੰ "ਨਿਰਮਲ ਪੰਥ" ਅਤੇ "ਤੀਸਰ ਮਜ਼ਹਬ" ਦੇ ਨਾਮ ਦਿੱਤੇ ਹਨ। ਇਹ ਸੱਭਿਅਤਾ ਬਾਕੀਆਂ ਦੇ ਵਿਰੋਧ ਵਿਚ ਨਹੀਂ ਬਲਕਿ ਉਨ੍ਹਾਂ ਨੂੰ ਵੀ ਆਪਣਾ ਹਮਸਫ਼ਰ ਬਣਾਉਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਹ ਸਾਰੇ ਆਧਾਰ ਮੌਜੂਦ ਹਨ ਜਿਨ੍ਹਾਂ ਕਰਕੇ ਨਵੀਂ ਸੱਭਿਅਤਾ ਦੀਆਂ ਜੜ੍ਹਾਂ ਲੱਗਣੀਆਂ ਹੁੰਦੀਆਂ ਹਨ। ਹਟਿੰਗਟਨ ਮੁਤਾਬਿਕ ਜਿਸ ਤਰ੍ਹਾਂ ਸੱਭਿਅਤਾਵਾਂ ਦਾ ਭੇੜ ਹੋ ਰਿਹਾ ਹੈ ਜਾਂ ਹੋਣ ਜਾ ਰਿਹਾ ਹੈ ਉਸ ਦੀ ਬਰਬਾਦੀ ਤੋਂ ਬਚਣ ਦਾ ਰਾਹ ਸਿਰਫ਼ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਦਿਖਾਈ ਦਿੰਦਾ ਹੈ।

"ਨ ਹਮ ਹਿੰਦੂ ਨਾ ਮੁਸਲਮਾਨ ਅਲਹੁ ਰਾਮ ਕੇ ਪਿੰਡ ਪਰਾਨ"

ਭਾਰਤੀ ਪ੍ਰੰਪਰਾ ਵਿੱਚ ਗੁਰੂ ਨੂੰ ਪ੍ਰਮੁੱਖ ਸਥਾਨ ਹਾਸਿਲ ਹੈ। ਤਸੱਵੁਫ ਦੇ ਰਾਹਾਂ ਦੀ ਪਛਾਣ ਗੁਰੂ ਨੇ ਹੀ ਕਰਾਉਣੀ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਦਸ ਜਾਮੇ ਧਾਰਨ ਕੀਤੇ ਪਰ ਉਸ ਤੋਂ ਬਾਅਦ ਗੁਰਤਾ ਗੱਦੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਵਾਲੇ ਕਰ ਦਿੱਤੀ ਗਈ ਅਤੇ ਇਸ ਨੂੰ "ਸ਼ਬਦ ਗੁਰੂ" ਦਾ ਨਾਂ ਦਿੱਤਾ ਗਿਆ ਹੈ।

ਸ਼ਬਦ ਦਾ ਅਰਥ ਗਿਆਨ ਤੋਂ ਹੈ, ਭਾਵ ਸਿੱਖ ਦਾ ਗੁਰੂ ਗਿਆਨ ਹੈ। ਗੁਰੂ ਗ੍ਰੰਥ ਸਾਹਿਬ ਦੁਨੀਆਂ ਦੇ ਇੱਕੋ-ਇੱਕ ਧਰਮ ਗ੍ਰੰਥ ਹਨ ਜਿਨ੍ਹਾਂ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਆਪਣੇ ਅਸਲ ਜੀਵਨ ਵਿੱਚ ਵੀ ਸਿੱਖ ਸਾਰੇ ਕਾਰ-ਵਿਹਾਰ ਇਸ ਮੁਕੱਦਸ ਗ੍ਰੰਥ ਦਾ ਥਾਪੜਾ ਲੈਣ ਤੋਂ ਬਾਅਦ ਸ਼ੁਰੂ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਅਸੀਂ ਇਸ ਦੇ ਸੰਗੀਤਕ ਪੱਖ ਵੱਲ ਧਿਆਨ ਮਾਰਦੇ ਹਾਂ। ਕੁਝ ਕੁ ਬਾਣੀਆਂ ਨੂੰ ਛੱਡ ਕੇ ਇਸ ਦੀ ਸਾਰੀ ਰਚਨਾ ਰਾਗਬੱਧ ਹੈ ਜੋ ਅਧਿਆਤਮਵਾਦ ਦੀ ਕਲਾ ਨਾਲ ਸਾਂਝ ਪੈਦਾ ਕਰਦੀ ਹੈ। ਜਿਵੇਂ ਇਸਲਾਮ ਵਿਚ ਸੰਗੀਤ ਦਾ ਵਿਰੋਧ ਦੇਖਣ ਨੂੰ ਆਇਆ ਹੈ ਉਸ ਤਰ੍ਹਾਂ ਸਿੱਖ ਧਰਮ ਵਿੱਚ ਨਹੀਂ। ਭਾਵੇਂ ਸਿੱਖ ਮੂਰਤੀਆਂ ਜਾਂ ਚਿਤਰਾਂ ਦੀ ਪੂਜਾ ਨਹੀਂ ਕਰਦੇ ਪਰ ਫੇਰ ਵੀ ਇਨ੍ਹਾਂ ਸੂਹਜ ਕਲਾਵਾਂ ਨੂੰ ਕਲਾਤਮਿਕ ਪੱਖੋਂ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿੱਚ ਲੋਕਯਾਨ ਦੇ ਵੱਖ-ਵੱਖ ਰੂਪਾਂ ਦੀ ਵਰਤੋਂ ਇਹ ਸਿੱਧ ਕਰਦੀ ਹੈ ਕਿ ਲੋਕਯਾਨ ਨੂੰ ਆਮ ਜੀਵਨ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਇਸ ਦੀ ਉੱਘੜਵੀਂ ਮਿਸਾਲ ਗੁਰੂ ਸਾਹਿਬ ਦੁਆਰਾ ਆਮ ਜੀਵਨ ਵਿਚ ਪ੍ਰਚੱਲਿਤ ਕਾਵਿ-ਵੰਨਗੀਆਂ ਦੀ ਵਰਤੋਂ ਹੈ।

ਭਾਸ਼ਾ ਦੇ ਨਜ਼ਰੀਏ ਤੋਂ ਦੇਖੀਏ ਤਾਂ ਪਤਾ ਚਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਇਸ ਗ੍ਰੰਥ ਵਿੱਚ ਪੁਰਾਤਨ ਪੰਜਾਬੀ ਦਾ ਰੂਪ ਅਤੇ ਸਰੂਪ ਵੀ ਸਾਂਭਿਆ ਗਿਆ ਹੈ। ਹੋ ਸਕਦਾ ਸੀ ਪੰਜਾਬੀ ਭਾਸ਼ਾ ਦੇ ਪੁਰਾਣੇ ਸ਼ਬਦਾਂ ਨੂੰ ਸਾਂਭਣ ਲਈ ਸਾਡੇ ਅੱਜ ਦੇ ਯਤਨ ਉਂਨੇ ਸਾਰਥਿਕ ਸਿੱਧ ਹੋ ਸਕਦੇ ਜਿਵੇਂ ਸਹਿਜ ਰੂਪ ਨਾਲ ਗੁਰੂ ਸਾਹਿਬ ਨੇ ਕੀਤੇ ਹਨ। ਸਾਡੀ ਨੌਜਵਾਨ ਪੀੜ੍ਹੀ ਦਾ ਗੁਰੂ ਗ੍ਰੰਥ ਸਾਹਿਬ ਨਾਲੋਂ ਟੁੱਟਣ ਦਾ ਮੁੱਖ ਕਾਰਣ ਇਹ ਵੀ ਹੈ ਕਿ ਅਸੀਂ ਪੁਰਾਣੀ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਕਰਨੀ ਛੱਡਦੇ ਜਾ ਰਹੇ ਹਾਂ।

ਸਿੱਟਾ ਗੁਰੂ ਗ੍ਰੰਥ ਸਾਹਿਬ ਤੋਂ ਦੂਰੀ ਦੇ ਰੂਪ ਵਿੱਚ ਨਿਕਲ ਰਿਹਾ ਹੈ। ਅੱਜ ਗੁਰੂ-ਸ਼ਬਦ ਦੀ ਵਿਆਖਿਆ ਆਮ ਆਦਮੀ ਨਹੀਂ ਕਰ ਸਕਦਾ ਬਲਕਿ ਇਕ ਖਾਸ ਵਰਗ ਇਸ ਕੰਮ ਲਈ ਨਿਸ਼ਚਿਤ ਹੋ ਗਿਆ ਹੈ। ਸਾਡੇ ਪੁਰਾਣੇ ਬਜੁਰਗ

ਗੁਰਬਾਣੀ ਨੂੰ ਆਸਾਨੀ ਨਾਲ ਸਮਝ ਲੈਂਦੇ ਸਨ ਕਿਉਂਕਿ ਉਹ ਪੁਰਾਣੀ ਪੰਜਾਬੀ ਦੇ ਵਧੇਰੇ ਨੇੜੇ ਸਨ। ਪੁਰਾਤਨ ਪੰਜਾਬੀ ਸ਼ਬਦਾਵਲੀ ਨੂੰ ਸਾਂਭਣ ਦਾ ਜਿਸ ਤਰ੍ਹਾਂ ਦਾ ਯਤਨ ਸੁਭਾਵਕ ਰੂਪ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਹੋਇਆ ਹੈ ਉਹ ਆਪਣੇ ਆਪ ਵਿੱਚ ਲਾ-ਮਿਸਾਲ ਹੈ।

ਇਕ ਪ੍ਰਮੁੱਖ ਧਰਮ ਗ੍ਰੰਥ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਮਾਨਤਾ ਇਸ ਦੇ ਮੌਜੂਦਾ ਸਰੂਪ ਦੇ ਪ੍ਰਮਾਣਿਕ ਹੋਣ ਕਰਕੇ ਵੀ ਹੈ ਕਿਉਂਕਿ ਇਸ ਰਚਨਾ ਦੀ ਸੰਭਾਲ ਖੁਦ ਇਸ ਦੇ ਬਾਣੀਕਾਰ ਹੀ ਕਰ ਗਏ ਹਨ ਅਤੇ ਇਸ ਦੀ ਲਿਖਾਈ ਤੇ ਸੰਪਾਦਨਾ ਦਾ ਕੰਮ ਗੁਰੂ ਨਾਨਕ ਸਾਹਿਬ ਨੇ ਖੁਦ ਪੰਜਵੇਂ ਜਾਮੇ ਦੌਰਾਨ ਕੀਤਾ। ਹੁਣ ਤਾਂ ਭਾਰਤੀ ਕਾਨੂੰਨ ਨੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਹਸਤੀ ਵਜੋਂ ਸਵੀਕਾਰਿਆ ਹੈ ਜਦਕਿ ਦੁਨੀਆਂ ਦੇ ਬਾਕੀ ਧਰਮ ਗ੍ਰੰਥਾਂ ਦੀ ਪ੍ਰਮਾਣਿਕਤਾ ਤੇ ਪ੍ਰਸ਼ਨ ਚਿੰਨ ਲੱਗਦੇ ਰਹੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਿੱਖਾਂ ਨੂੰ ਉਹ ਦਾਤ ਮਿਲੀ ਹੈ ਜਿਸ ਨੇ ਸਿੱਖਾਂ ਨੂੰ ਦੁਨੀਆਂ ਵਿਚ ਇਕ ਵੱਖਰੀ ਕੌਮ ਵਜੋਂ ਪ੍ਰਵਾਨਗੀ ਦੁਆਈ ਹੈ। ਗੁਰਮਤਿ ਨੇ ਸਿੱਖਾਂ ਨੂੰ ਵੱਖਰਾ ਸੋਚਣ ਦਾ ਨਜ਼ਰੀਆ ਤੇ ਵੱਖਰਾ ਰਹਿਣ-ਸਹਿਣ ਦਿੱਤਾ ਹੈ। ਇਸ ਨਾਲ ਸਿੱਖਾਂ ਨੂੰ ਵਿਸ਼ਾਲ ਸਿਧਾਂਤ ਪ੍ਰਬੰਧ ਮਿਲਿਆ ਜਿਸ ਨੇ ਉਨ੍ਹਾਂ ਦੀਆਂ ਜੜ੍ਹਾਂ ਇਕ ਕੌਮ ਵਜੋਂ ਹੋਰ ਮਜ਼ਬੂਤ ਕੀਤੀਆਂ। ਅੰਤ ਵਿਚ ਮੈਂ ਆਪਣੇ ਵਿਚਾਰਾਂ ਨੂੰ ਸਮੇਟਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਾਰੀ ਮਨੁੱਖਤਾ ਲਈ ਸਾਂਝੇ ਰੂਪ ਨਾਲ ਨਾਜ਼ਲ ਹੋਇਆ ਹੈ ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਅਤੇ ਪ੍ਰਭਾਵ ਤੋਂ ਮੁਕਤ ਹੈ। ਅੱਜ ਭਾਰਤ ਵਿੱਚ ਬ੍ਰਾਹਮਣਵਾਦੀ ਕੁਰੀਤੀਆਂ ਨਾਲ ਜੇ ਕੋਈ ਲੜ ਸਕਦਾ ਹੈ ਤਾਂ ਉਹ ਗੁਰਬਾਣੀ ਹੀ ਹੈ। ਜਿਸ ਨੇ ਆਮ ਲੋਕਾਂ ਦੇ ਰਾਜਿਆਂ ਵਿਚਕਾਰ ਕੋਈ ਵੀ ਫਰਕ ਨਾ ਕਰਕੇ ਉਨ੍ਹਾਂ ਨੂੰ ਸਵੈ-ਮਾਣ ਨਾਲ ਜਿਉਣਾ ਸਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਅਤੇ ਮਹੱਤਵ ਬਾਬਤ ਵਿਚਾਰ ਕਰਦਿਆਂ ਅਨੇਕਾਂ ਪਹਿਲੂ ਬਾਹਰ ਰਹਿ ਗਏ ਹੋਣਗੇ ਜੋ ਦਾਸ ਨੂੰ ਨਹੀਂ ਸੁੱਝੇ। ਗੁਰਬਾਣੀ ਦੀ ਦ੍ਰਿਸ਼ਟੀ ਸਮੁੰਦਰ ਵਰਗੀ ਵਿਸ਼ਾਲ ਅਤੇ ਡੂੰਘੀ ਹੈ। ਸਾਰੇ ਭੇਤਾਂ ਨੂੰ ਬੁਝਣਾ ਆਮ ਬੰਦੇ ਦੇ ਵਸ ਦੀ ਗੱਲ ਨਹੀਂ।

ਮੈਂ ਆਪਣੇ ਲੇਖ ਦੀ ਸਮਾਪਤੀ ਭਾਰਤ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਰਾਧਾ ਕ੍ਰਿਸ਼ਨਨ ਦੇ ਇਸ ਹਵਾਲੇ ਨਾਲ ਕਰਦਾ ਹਾਂ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਟੱਲ ਸਚਾਈਆਂ ਅਤੇ ਅਤੁੱਟ ਬੰਦਗੀ ਦੇ ਸਾਹਮਣੇ ਸਮੁੰਦਰਾਂ ਅਤੇ ਪਹਾੜਾਂ ਦੇ ਸਾਰੇ ਹੱਦ-ਬੰਨੇ, ਜੋ ਇੱਕ ਦੇਸ਼ ਨੂੰ ਦੂਜੇ ਨਾਲੋਂ ਵੱਖ ਕਰਦੇ ਹਨ, ਹਟ ਜਾਣਗੇ। ...

# ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਡਾ. ਪਰਮਜੀਤ ਸਿੰਘ 'ਮਾਨਸਾ'

ਸੰਸਾਰ ਦੇ ਪ੍ਰਸਿੱਧ ਧਰਮਾਂ ਵਿਚ ਮਾਨਵਤਾ ਦੇ ਪੱਥ ਪ੍ਰਦਰਸ਼ਨ ਲਈ ਕਿਸੇ ਨਾ ਕਿਸੇ ਰੂਪ ਵਿਚ ਪੱਥ ਪ੍ਰਦਰਸ਼ਨ ਦੀ ਮਹੱਤਤਾ ਨੂੰ ਅਵੱਸ਼ ਹੀ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਭਾਰਤ ਵਿਚ ਵੀ ਭਗਤੀ ਪਰੰਪਰਾ ਦੇ ਵਿਕਾਸ ਨਾਲ ਜਿੱਥੇ ਗੁਰੂ ਦੇ ਸਰੂਪ ਵਿਚ ਪਰਿਵਰਤਨ ਆਉਂਦਾ ਰਿਹਾ ਹੈ ਉਥੇ ਉਸ ਦੀ ਲੋੜ ਅਤੇ ਮਹੱਤਵ ਦੀ ਉਪਮਾ ਦੇ ਗੀਤ ਗਾਏ ਜਾਂਦੇ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਗੁਰੂ ਦਾ ਮਹੱਤਵ ਅਤੇ ਵਡਿਆਈ ਵਿਸ਼ੇਸ਼ ਰੂਪ ਵਿਚ ਪ੍ਰਸਤੁਤ ਕੀਤੀ ਗਈ ਹੈ।

'ਗੁਰੂ' ਸੰਸਕ੍ਰਿਤ ਭਾਸ਼ਾ ਦਾ ਇਕ ਅਜਿਹਾ ਅਨੇਕਾਰਥਕ ਬੋਧਕ ਸ਼ਬਦ ਹੈ ਜਿਸ ਦੀ ਵਿਉਤਪਤੀ 'ਗ੍ਰੀ' ਧਾਤੂ ਤੋਂ ਹੋਈ ਹੈ ਅਤੇ ਜਿਸ ਦਾ ਅਰਥ ਹੈ ਨਿਗਲਣਾ ਜਾਂ ਸਮਝਾਉਣਾ। ਇਸ ਲਈ ਜਿਹੜਾ ਵਿਅਕਤੀ ਅਗਿਆਨਤਾ ਨੂੰ ਨਿਗਲ ਜਾਂਦਾ ਹੈ ਅਤੇ ਸ਼ਿਸ਼ ਨੂੰ ਤੱਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੁੰਦਾ ਹੈ। ਹਿਰਦੇ ਅੰਦਰ ਜੋ ਅਵਿੱਦਿਆ ਰੂਪ ਕਿਵਾੜ ਲੱਗੇ ਹੋਏ ਹਨ ਉਨ੍ਹਾਂ ਨੂੰ ਖੋਲ੍ਹਣ ਦੀ ਚਾਬੀ ਬ੍ਰਹਮ ਯੁਕਤ ਗੁਰੂ ਕੋਲ ਹੁੰਦੀ ਹੈ। ਜਿਤਨੀ ਦੇਰ ਇਹ ਕਿਵਾੜ ਨਹੀਂ ਖੁੱਲ੍ਹਦੇ ਉਤਨੀ ਦੇਰ ਹਿਰਦੇ ਅੰਦਰ ਗਿਆਨ ਪ੍ਰਕਾਸ਼ ਨਹੀਂ ਹੁੰਦਾ:

> ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
> ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (ਪੰਨਾ ੧੨੩੭)

ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰੂ' ਸ਼ਬਦ ਦਾ ਅਰਥ ਸੋਲ੍ਹਾਂ ਰੂਪਾਂ ਵਿਚ ਕੀਤਾ ਹੈ। ਉਪਦੇਸ਼ ਕਰਤਾ, ਛੇ ਸ਼ਾਸਤਰ ਪੜ੍ਹਾਉਣ ਵਾਲਾ, ਮਾਤਾ-ਪਿਤਾ, ਅਚਾਰਿਆਦਿ, ਸ਼ਾਸਤਰ ਦਾ ਉਪਦੇਸ਼ ਕਰਨ ਵਾਲਾ, ਸੰਪ੍ਰਦਾਇ ਚਲਾਉਣ ਵਾਲਾ, ਗਰਭਾਧਾਰਨ ਕਰਮਾਂ ਨੂੰ ਕਰਵਾਉਣ ਵਾਲਾ ਬ੍ਰਾਹਮਣ, ਸਮਦਸ ਵਾਲਾ ਕੁਲੀਨ, ਸ਼ੁੱਧ ਵੇਸ ਵਾਲਾ ਧਿਆਨਧਾਰੀ, ਮੰਤ੍ਰ-ਤੰਤ੍ਰ ਵਿਚ ਚਤੁਰ, ਵਰ-ਸਰਾਪ ਵਿਚ ਸਮਰੱਥ, ਬ੍ਰਿਹਸਪਤਿ ਦ੍ਰੋਣਾਚਾਰਯ, ਦੋ ਮਾਤ੍ਰਾ ਵਾਲਾ ਅੱਖਰ, ਦੀਰਘ ਅੱਖਰ, ਬਿੰਦੂ ਆਦਿ ਵਾਲੇ ਅੱਖਰ ਦਾ ਨਾਮ ਦੀਰਘ ਹੈ, ਗੰਭੀਰ ਅਰਥ ਵਾਲਾ, ਬਲ ਵਾਲਾ, ਪੂਜਯ ਮਹਾਨ ਦੁਰਜਰ ਵਸਤੂ ਜੋ ਨਾ ਪਚੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਇਹ ਵਿਦਿਤ ਹੁੰਦਾ ਹੈ ਕਿ ਭਾਰਤ ਅੰਦਰ ਗੁਰੂ ਦੀ ਜੋ ਪਰੰਪਰਾ ਚਲਦੀ ਸੀ, ਉਸ ਦੇ ਅਨੁਸਾਰ ਕਿਸੇ ਦੇਹਧਾਰੀ ਵਿਸ਼ੇਸ਼ ਵਿਅਕਤੀ ਨੂੰ ਗੁਰੂ ਸਵੀਕਾਰ ਨਹੀਂ ਕੀਤਾ। ਗੁਰਬਾਣੀ ਭਾਵੇਂ 'ਗੁਰੂ ਸ਼ਬਦ ਦਾ ਨਿਰੂਪਣ ਭਰਵੇਂ ਰੂਪ ਵਿਚ ਕਰਦੀ ਹੈ। ਪਰ ਇਸ ਪ੍ਰਸੰਗ ਵਿਚ ਪਰਮਾਤਮਾ ਨੂੰ ਹੀ ਅਤੇ ਉਸ ਦੇ ਗਿਆਨ ਰੂਪੀ ਸ਼ਬਦ ਨੂੰ ਦੇਹਧਾਰੀ ਗੁਰੂ ਦੀ ਥਾਂ 'ਤੇ ਗੁਰੂ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਕਾਲ ਪੁਰਖ ਲਈ ਹੀ 'ਗੁਰੂ' ਸ਼ਬਦ ਵਰਤਿਆ ਗਿਆ ਹੈ। ਸੋਰਠਿ ਰਾਗ ਵਿਚ ਗੁਰੂ ਜੀ ਲਿਖਦੇ ਹਨ ਕਿ ਪਰਮਾਤਮਾ ਜੋ ਕਿ ਅਲੱਖ ਹੈ; ਨਿਰੰਜਨ ਹੈ; ਪ੍ਰਕਾਸ਼ ਰੂਪ ਹੈ; ਅਪਰੰਪਰ ਹੈ, ਪਾਰਬ੍ਰਹਮ ਪਰਮੇਸ਼ਵਰ ਹੈ ਉਹੀ ਗੁਰੂ ਹੈ। ਯਥਾ:

> ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
> ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (ਪੰਨਾ ੫੯੯)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਇਕ ਹੋਰ ਨੁਕਤਾ ਵੀ ਸਾਹਮਣੇ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਗੁਰੂ ਦੀ ਉਸਤਤ ਕੀਤੀ ਹੈ ਉਹ ਦੇਹਧਾਰੀ ਨਹੀਂ ਹੈ। ਬਲਕਿ ਬਾਕੀ ਗੁਰੂ ਸਾਹਿਬਾਨ ਨੇ ਵੀ ਇਹ ਨੁਕਤਾ ਸਪਸ਼ਟ ਕੀਤਾ ਹੈ। ਸ੍ਰੀ ਸਤੇ ਬਲਵੰਡ ਨੇ ਗੁਰੂ ਸਾਹਿਬਾਨ ਦੇ ਗੱਦੀ ਨਸ਼ੀਨੀ ਸਮੇਂ ਅਤੇ ਸਥਿਤੀ ਨੂੰ ਵਿਅਕਤ ਕੀਤਾ ਹੈ:

> ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
> ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥

ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥ (ਪੰਨਾ ੯੬੬)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਦੇ ਅੰਦਰ ਬਿਰਾਜ ਰਹੇ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰ ਚੁਕੀ ਜੋਤ ਹੀ ਹੈ ਜੋ ਉਸ ਦੀ ਦੇਹ ਰਾਹੀਂ ਜਗਤ ਦਾ ਉਧਾਰ ਕਰਨ ਹਿੱਤ ਪ੍ਰਗਟ ਹੁੰਦੀ ਹੈ। ਗੁਰੂ ਦਾ ਪੰਜ ਭੂਤਕ ਸਰੀਰ ਜੜ੍ਹ ਰੂਪ ਹੈ, ਗੁਰੂ ਨਹੀਂ ਹੋ ਸਕਦਾ। ਗੁਰੂ ਸਾਹਿਬ ਨੇ ਕਦੇ ਵੀ ਲੋਕਾਈ ਨੂੰ ਆਪਣੇ ਨਾਲ ਨਹੀਂ ਜੋੜਿਆ ਬਲਕਿ ਇਸ ਤੋਂ ਮੁਕਤ ਕਰਾ ਕੇ ਅਸਰੀਰੀ ਪਰਮਾਤਮਾ ਦੇ ਸਰੂਪ ਵੱਲ ਹੀ ਅੱਗੇ ਵਧਣ ਲਈ ਪ੍ਰੇਰਿਆ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਰੀਰ ਦਾ ਧਿਆਨ ਵੀ ਪ੍ਰਸੰਗਿਕ ਨਹੀਂ ਹੈ। ਜੀਵਨ ਦਾ ਮਨੋਰਥ ਤਾਂ ਹੀ ਪੂਰਨ ਹੋ ਸਕਦਾ ਹੈ ਜੇਕਰ ਗੁਰੂ ਦੇ ਸ਼ਬਦ ਦਾ ਧਿਆਨ ਧਰਿਆ ਜਾਵੇ ਅਤੇ ਉਸ ਦੀ ਵਿਚਾਰ ਕੀਤੀ ਜਾਵੇ। ਤਾਂ ਹੀ ਗੁਰੂ ਦੀ ਸਨਮੁੱਖਤਾ ਪ੍ਰਾਪਤ ਹੋ ਸਕਦੀ ਹੈ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ ੫੯੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਗੁਰੂ ਦਾ ਸ਼ਬਦ ਰੂਪ ਵੀ ਪ੍ਰਗਟ ਹੁੰਦਾ ਹੈ। ਸ਼ਬਦ ਉਹੀ ਧੁਨੀ ਹੈ ਜਿਸ ਤੋਂ ਕਿਸੇ ਵਸਤੂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਸ਼ਬਦ ਹੀ ਸ੍ਰਿਸ਼ਟੀ ਦਾ ਕਰਤਾ ਹੈ। ਉਤਪਤ ਅਤੇ ਪਰਲੈ ਵੀ ਸ਼ਬਦ ਰਾਹੀਂ ਹੀ ਹੁੰਦੀ ਹੈ। ਸ਼ਬਦ ਨੂੰ ਹੀ ਓਅੰਕਾਰ ਕਿਹਾ ਗਿਆ ਹੈ। ਇਹੀ ਓਅੰਕਾਰ ਤੋਂ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ:

ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਪੰਨਾ ੩)

ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥ (ਪੰਨਾ ੧੧੭)

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ॥ ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥ ਓਅੰਕਾਰਿ ਸਬਦਿ ਉਧਰੇ॥ ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰੁ ਤ੍ਰਿਭਵਣ ਸਾਰੁ॥ (ਪੰਨਾ ੯੨੯-੩੦)

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ॥ ਚਾਰਿ ਬੇਦ ਚਾਰੇ ਖਾਣੀ॥ ਖੰਡ ਦੀਪ ਸਭਿ ਲੋਆ॥
ਏਕ ਕਵਾਵੈ ਤੇ ਸਭਿ ਹੋਆ॥ (ਪੰਨਾ ੧੦੦੩)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਨੂੰ ਨਾਦ ਅਤੇ ਵੇਦ ਵੀ ਕਿਹਾ ਗਿਆ ਹੈ। ਇਹੀ ਸ਼ਬਦ ਸਰਬ-ਵਿਆਪਕ ਹੈ। ਇਹੀ ਬ੍ਰਹਮਾ ਹੈ:

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ (ਪੰਨਾ ੨)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਪਰਮਾਤਮਾ ਲਈ ਪ੍ਰਯੋਗ ਕਰਦੇ ਹੋਏ ਉਸ ਦੀ ਸਰਬ-ਵਿਆਪਕਤਾ ਨਿਰਗੁਣ ਅਤੇ ਸਰਗੁਣ ਸਿੱਖ ਧਰਮ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਪ੍ਰਾਪਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਖੇ ਸੰਨ ੧੭੦੮ ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਗਏ ਸਨ। ਇਸ ਲਈ ਗੁਰਮਤਿ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰਮਤਿ ਵਿਚ ਕਿਤੇ ਵੀ ਬ੍ਰਹਮਾ, ਵਿਸ਼ਨੰ, ਮਹੇਸ਼ ਆਦਿ ਦੇਵਤਿਆਂ ਦੀ ਸੱਤਾ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਬਲਕਿ ਇਨ੍ਹਾਂ ਤੋਂ ਉੱਪਰ ਇਕ ਅਕਾਲ ਪੁਰਖ ਦੀ ਸੱਤਾ ਨੂੰ ਪ੍ਰਵਾਨ ਕੀਤਾ ਗਿਆ ਹੈ।

ਸਿੱਖ ਧਰਮ ਨਾਲ ਸੰਬੰਧਤ ਕਈ ਸੰਪਰਦਾਵਾਂ ਦੇ ਵਿਦਵਾਨਾਂ ਨੇ ਗੁਰਬਾਣੀ ਵਿਚ 'ਹਰੀ' ਸ਼ਬਦ ਨੂੰ ਵਿਸ਼ਨੂੰ ਦੇ ਲਈ ਵਰਤਿਆ, ਵਿਅਕਤ ਕੀਤਾ ਹੈ ਜੋ ਕਿ ਸਰਾਸਰ ਗ਼ਲਤ ਹੈ। ਇਸੇ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ

'ਨੀਲ' ਅਤੇ 'ਨੀਲ ਕੰਠ' ਸ਼ਬਦਾਂ ਨੂੰ ਵਿਸ਼ਨੂੰ ਲਈ ਵਰਤਿਆ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਿਸੇ ਵੀ ਦੇਵਤੇ ਦੀ ਮਹੱਤਤਾ ਨੂੰ ਸਵੀਕਾਰ ਨਹੀਂ ਕਰਦੀ, ਬਲਕਿ ਗੁਰਬਾਣੀ ਇਨ੍ਹਾਂ ਨੂੰ ਰੋਗੀ ਕਹਿ ਕੇ ਇਨ੍ਹਾਂ ਦੀ ਵਿਆਪਕਤਾ ਨੂੰ ਅਪ੍ਰਵਾਨ ਕਰਦੀ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਸਭ ਰੋਗੀ ਸੀ। ਰੋਗ ਰਹਿਤ ਗੁਰੂ ਦਾ ਸ਼ਬਦ ਹੈ:

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥ (ਪੰਨਾ ੧੧੫੩)

ਗੁਰੂ ਸਾਹਿਬ ਇਨ੍ਹਾਂ ਦੇਵਤਿਆਂ ਨੂੰ ਮਾਇਆ ਦੇ ਮੋਹ ਵਿਚ ਫਸੇ ਹੋਏ ਅਭਿਵਿਅਕਤ ਕਰਦੇ ਹਨ। ਇਹ ਦੇਵਤੇ ਮਾਇਆ ਦੇ ਮੋਹ ਵਿਚ ਗ੍ਰਸੇ ਮੁਕਤ ਨਹੀਂ:

ਮਾਇਆ ਮੋਹੇ ਦੇਵੀ ਸਭਿ ਦੇਵਾ॥
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ॥ (ਪੰਨਾ ੨੨੭)

ਇਨ੍ਹਾਂ ਦੀ ਪੂਜਾ ਕੀਤਿਆਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਇਨ੍ਹਾਂ ਨੂੰ ਕੀ ਭੇਟਾ ਕੀਤਾ ਜਾਵੇ ਅਤੇ ਕੀ ਮੰਗਿਆ ਜਾਵੇ?

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥ (ਪੰਨਾ ੬੩੭)

ਗੁਰਬਾਣੀ ਅਨੁਸਾਰ ਅਵਤਾਰ ਜਾਂ ਦੇਵਤੇ ਪਰਮਾਤਮਾ ਦਾ ਅੰਤ ਪਾਉਣ ਵਿਚ ਅਸਮਰੱਥ ਹਨ:

ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥ (ਪੰਨਾ ੮੯੪)

ਅਵਤਾਰ ਪਰਮਾਤਮਾ ਦੇ ਹੁਕਮਾਂ ਅੰਦਰ ਪੈਦਾ ਹੁੰਦੇ ਹਨ ਜੋ ਪਰਮਾਤਮਾ ਦੇ ਹੁਕਮ ਅਨੁਸਾਰ ਚਲਦੇ ਹਨ, ਉਹ ਪਰਮਾਤਮਾ ਦੀ ਦਰਗਾਹ ਵਿਚ ਮਾਣ ਪਾਉਂਦੇ ਹਨ:

ਹੁਕਮਿ ਉਪਾਏ ਦਸ ਅਉਤਾਰਾ॥ ਦੇਵ ਦਾਨਵ ਅਗਣਤ ਅਪਾਰਾ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥ (ਪੰਨਾ ੧੦੩੭)

ਦੇਵਤਿਆਂ ਦਾ ਜਨਮਦਾਤਾ ਆਪ ਹੀ ਪਰਮੇਸ਼ਰ ਹੈ। ਆਪ ਹੀ ਪ੍ਰਭੂ ਮਾਇਆ ਦਾ ਮੋਹ ਵੀ ਲਾਉਂਦਾ ਹੈ। ਦੇਵਤੇ ਰਾਜਿਆਂ ਵਾਂਗ ਰਾਜ ਕਰਦੇ ਰਹੇ ਹਨ। ਦੁੱਖਾਂ-ਸੁਖਾਂ ਦੀ ਖ਼ਾਤਰ ਲੜਦੇ ਰਹੇ ਹਨ ਪਰ ਪ੍ਰਭੂ ਦੀ ਅਸਚਰਜ ਖੇਡ ਦਾ ਭੇਦ ਨਹੀਂ ਪਾ ਸਕੇ:

ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ॥ ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ॥
ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨੀ ਨ ਲਹੀਆ॥ ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ॥
ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰੁ ਜਗਿ ਥੀਆ॥ (ਪੰਨਾ ੫੧੬)

ਗੁਰਬਾਣੀ ਕਿਸੇ ਦੇਹਧਾਰੀ, ਦੇਵੀ ਜਾਂ ਅਵਤਾਰ ਨੂੰ ਆਪਣਾ ਇਸ਼ਟ ਪ੍ਰਵਾਨ ਨਹੀਂ ਕਰਦੀ ਸਗੋਂ ਸ਼ਬਦ ਨੂੰ ਹੀ ਗੁਰੂ ਤੇ ਪਾਰਬ੍ਰਹਮ ਦੇ ਰੂਪ ਵਿਚ ਸਵੀਕਾਰ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਨਾਲ ਹੋਈ ਗੋਸ਼ਟਿ ਵਿਚ ਆਪਣਾ ਗੁਰੂ ਸ਼ਬਦ ਨੂੰ ਦੱਸਦੇ ਹਨ। ਯਥਾ :

ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥

ਗੁਰੂ ਜੀ ਵਲੋਂ ਉੱਤਰ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥ (ਪੰਨਾ ੯੪੨-੪੩)

26 ਸਤੰਬਰ ਨੂੰ ਜੋਤੀ ਜੋਤਿ ਦਿਵਸ ਤੇ ਵਿਸ਼ੇਸ਼:

# ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ

ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ



ਜਗਤ ਗੁਰੂ ਬਾਬਾ ਨਾਨਕ ਜੀ ਦੀ ਤੀਜੀ ਜੋਤਿ, ਸ੍ਰੀ ਗੁਰੂ ਅਮਰ ਦਾਸ ਜੀ ਦਾ ਆਗਮਨ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ, ੫ ਮਈ ਸੰਨ ੧੪੭੯ ਨੂੰ, ਪਿਤਾ ਸ੍ਰੀ ਤੇਜ ਭਾਨ ਅਤੇ ਮਾਤਾ ਲਖਮੀ ਜੀ ਦੇ ਗ੍ਰਿਹ ਵਿਖੇ ਹੋਇਆ। ਚੌਵੀ ਕੁ ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਬੀਬੀ ਰਾਮ ਕੌਰ ਜੀ ਨਾਲ ਹੋਇਆ ਤੇ ਆਪ ਜੀ ਦੇ ਗ੍ਰਿਹ ਵਿਖੇ ਦੋ ਸਾਹਿਬਜ਼ਾਦੇ, ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਸਪੁੱਤਰੀਆਂ, ਦਾਨੀ ਜੀ ਤੇ ਭਾਨੀ ਜੀ ਦੇ ਰੂਪ ਵਿਚ ਸੰਤਾਨ ਪੈਦਾ ਹੋਈ।

ਧਾਰਮਿਕ ਬਿਰਤੀ, ਤੀਰਥ ਇਸ਼ਨਾਨ, ਸੰਤਾਂ, ਮਹਾਂ ਪੁਰਸ਼ਾਂ ਦੀ ਸੰਗਤ, ਸੇਵਾ ਆਦਿ ਸ਼ੁਭ ਕਰਮਾਂ ਦੀ ਪ੍ਰੇਰਨਾ ਆਪ ਜੀ ਨੂੰ ਆਪਣੇ ਪਿਤਾ ਸ੍ਰੀ ਤੇਜ ਭਾਨ ਜੀ ਤੋਂ ਵਿਰਸੇ ਵਿਚ ਹੀ ਪ੍ਰਾਪਤ ਹੋਈ ਸੀ ਜਿਸ ਦੇ ਅਧੀਨ ਆਪ ਜੀ ਸਾਧੂਆਂ ਦੀ ਸੰਗਤ, ਤੀਰਥ ਯਾਤਰਾ, ਦਾਨ, ਪੁੰਨ ਆਦਿ ਸ਼ੁਭ ਕਰਮ ਕਰਿਆ ਕਰਦੇ ਸਨ। ੬੧ ਸਾਲ ਦੀ ਉਮਰ ਵਿਚ ਆਪ ਜੀ ਜਦੋਂ ਗੰਗਾ ਦੀ ਵੀਹਵੀਂ ਯਾਤਰਾ ਤੋਂ ਵਾਪਸ ਆ ਰਹੇ ਸਨ ਤਾਂ ਇਕ ਬ੍ਰਹਮਚਾਰੀ ਸਾਧੂ ਦੀ ਸੰਗਤ ਤੋਂ ਆਪ ਜੀ ਨੂੰ ਪਤਾ ਲੱਗਾ ਕਿ ਗੁਰੂ ਧਾਰਨ ਤੋਂ ਬਿਨਾ ਸ਼ੁਭ ਕਰਮ ਨਹੀਂ ਫਲਦੇ। ਉਸ ਸਾਧੂ ਦੇ ਬਚਨਾਂ ਉਪ੍ਰੰਤ ਆਪ ਜੀ ਬੇਚੈਨੀ ਮਹਿਸੂਸ ਕਰਨ ਲੱਗ ਪਏ ਤੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਸੱਚੇ ਗੁਰੂ ਦੀ ਭਾਲ ਕਿਵੇਂ ਕੀਤੀ ਜਾਵੇ! ਕਈ ਸਾਧੂ ਸੰਤਾਂ ਦੀ ਸੰਗਤ ਕੀਤੀ ਪਰ ਕਿਤਿਉਂ ਵੀ ਤਸੱਲੀ ਨਾ ਮਿਲੀ; ਮਾਨਸਿਕ ਸ਼ਾਂਤੀ ਨਾ ਪ੍ਰਾਪਤ ਹੋਈ। ਸਮਾ ਇਸ ਬੇਚੈਨੀ ਜਿਹੀ ਵਿਚ ਹੀ ਬੀਤ ਰਿਹਾ ਸੀ ਕਿ ਇਕ ਦਿਨ ਅੰਮ੍ਰਿਤ ਵੇਲੇ ਆਪਣੇ ਛੋਟੇ ਭਰਾ ਦੇ ਘਰੋਂ ਆਪ ਜੀ ਦੇ ਕੰਨਾਂ ਵਿਚ ਇਲਾਹੀ ਬਾਣੀ ਦੀ ਆਵਾਜ਼ ਪਈ। ਆਪ ਜੀ ਦੀ ਭਤੀਜ ਨੂੰਹ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ, ਬੀਬੀ ਅਮਰੋ ਜੀ, ਦੁਧ ਰਿੜਕਣ ਸਮੇ ਇਸ ਸ਼ਬਦ ਦਾ ਪਾਠ ਕਰ ਰਹੇ ਸਨ:

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ (ਪੰਨਾ ੯੯੦)

ਇਹ ਸ਼ਬਦ ਸੁਣ ਕੇ ਆਪ ਜੀ ਦੇ ਹਿਰਦੇ ਨੂੰ ਇਸ ਬਾਣੀ ਦੁਆਰਾ ਖਿੱਚ ਪਈ। ਦਿਨ ਚੜ੍ਹੇ ਆਪ ਜੀ ਨੇ ਭਰਾ ਦੇ ਘਰ ਜਾ ਕੇ ਉਹਨਾਂ ਦੀ ਨੂੰਹ, ਬੀਬੀ ਅਮਰੋ ਜੀ, ਪਾਸੋਂ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਉਹ ਆਪ ਤਾਂ ਜੋਤੀ ਜੋਤਿ ਸਮਾ ਗਏ ਹਨ ਪਰ ਉਹਨਾਂ ਦੀ ਥਾਂ ਬੀਬੀ ਜੀ ਦੇ ਪਿਤਾ, ਸ੍ਰੀ ਗੁਰੂ ਅੰਗਦ ਦੇਵ ਜੀ, ਖਡੂਰ ਸਾਹਿਬ ਵਿਖੇ ਬਿਰਾਜਦੇ ਹਨ। ਇਹ ਜਾਣ ਕੇ ਆਪ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਤੇ ਉਹਨਾਂ ਨੂੰ ਗੁਰੂ ਧਾਰਨ ਦਾ ਨਿਰਨਾ ਕਰ ਲਿਆ। ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਬਾਬਾ ਸ੍ਰੀ ਅਮਰ ਦਾਸ ਜੀ ਖਡੂਰ ਸਾਹਿਬ ਗੁਰੂ ਚਰਨਾਂ ਵਿਚ ਪਹੁੰਚ ਗਏ। ਉਸ ਸਮੇ ਆਪ ਜੀ ਦੀ ਆਯੂ ਸਾਢੇ ਕੁ ਇਕਾਹਠ ਸਾਲ ਦੀ ਸੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ੩੬ ਕੁ ਸਾਲ ਦੀ। ਗੁਰੂ ਜੀ ਦੀ ਹਜ਼ੂਰੀ ਅੰਦਰ ਪੁੱਜ ਕੇ ਦਰਸ਼ਨ ਕਰਦਿਆਂ ਹੀ, ਉਮਰ ਤੇ ਰਿਸ਼ਤੇ ਦੀ

ਵਿਚਾਰ ਕਰਨ ਤੋਂ ਬਿਨਾ ਹੀ ਆਪ ਜੀ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ। ਅੰਤਰ ਆਤਮੇ ਸ਼ਾਂਤੀ ਪ੍ਰਤੀਤ ਹੋਈ। ਗੁਰੂ ਜੀ ਨੇ ਆਪ ਜੀ ਦੇ ਮੱਥੇ ਹੇਠ ਹੱਥ ਦੇ ਕੇ ਉਪਰ ਉਠਾਇਆ ਤੇ ਪਾਸ ਬੈਠਣ ਲਈ ਆਗਿਆ ਕੀਤੀ।

ਪਹਿਲੇ ਦਿਨ ਹੀ ਹਰ ਪ੍ਰਕਾਰ ਦੇ ਸ਼ੰਕੇ, ਭਰਮਾਂ ਤੇ ਦੁਬਿਧਾਵਾਂ ਦਾ ਨਾਸ ਹੋ ਗਿਆ। ਗੁਰਸਿੱਖੀ ਪ੍ਰਾਪਤ ਕਰ ਕੇ ਆਪ ਜੀ ਫਿਰ ਵਾਪਸ ਆਪਣੇ ਘਰ, ਪਿੰਡ ਬਾਸਰਕੇ ਨਾ ਗਏ ਤੇ ਸਦਾ ਲਈ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਹੀ ਕਠਿਨ ਸੇਵਾ ਦੀ ਘਾਲਣਾ ਘਾਲਣ ਲੱਗ ਪਏ। ਉਮਰ, ਦੁਨਿਆਵੀ ਰਿਸ਼ਤੇ, ਲੋਕਾਂ ਦੇ ਤਾਹਨੇ ਮੇਹਣੇ, ਗੁਰੂ ਜੀ ਦੇ ਸਪੁੱਤਰਾਂ ਵੱਲੋਂ ਮਿਲਦੇ ਤ੍ਰਿਸਕਾਰ ਆਦਿ ਦੀ ਆਪ ਜੀ ਨੇ ਕੋਈ ਪਰਵਾਹ ਨਾ ਕੀਤੀ। ਸਦਾ ਹੀ ਗੁਰੂ ਜੀ ਤੇ ਗੁਰੂ ਜੀ ਦੀਆਂ ਸੰਗਤਾਂ ਦੀ ਸੇਵਾ ਵਿਚ ਹੀ ਲੀਨ ਰਹੇ। ਹਰ ਪ੍ਰਕਾਰ ਨਾਲ ਗੁਰੂ ਜੀ ਦੇ ਹੁਕਮ ਅੰਦਰ ਰਹਿ ਕੇ ਸੇਵਾ ਕਮਾਈ। ਹਾੜ ਹੋਵੇ ਜਾਂ ਸਿਆਲ; ਕੈਸਾ ਵੀ ਮੌਸਮ ਹੋਵੇ, ਆਪ ਜੀ ਰੋਜ਼ਾਨਾ ਸਵੇਰੇ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਸਿਰ 'ਤੇ ਚੁੱਕ ਕੇ ਲਿਆਉਂਦੇ ਤੇ ਉਸ ਨਾਲ ਗੁਰੂ ਜੀ ਦਾ ਇਸ਼ਨਾਨ ਕਰਵਾਉਂਦੇ।

ਬਿਰਧ ਸਰੀਰ ਹੋਣ 'ਤੇ, ਅਤੇ ਨੇੜੇ ਕੋਈ ਗਾਗਰ ਚੁਕਾ ਕੇ ਸਿਰ 'ਤੇ ਰਖਵਾਉਣ ਵਾਲਾ ਨਾ ਹੋਣ ਕਰਕੇ, ਆਪ ਜੀ ਗਾਗਰ ਨੂੰ ਸਿਰ 'ਤੇ ਰੱਖ ਕੇ ਦਰਿਆ ਵਿਚ ਡੁਬਕੀ ਲਾਉਂਦੇ। ਜਦੋਂ ਗਾਗਰ ਭਰ ਜਾਂਦੀ ਤਾਂ ਉਠ ਕੇ ਦਰਿਆ ਵਿਚੋਂ ਬਾਹਰ ਆਉਂਦੇ। ਇਸ ਤਰ੍ਹਾਂ ਗਿੱਲੇ ਬਸਤਰਾਂ ਨਾਲ ਹੀ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਪੁੱਜਦੇ। ਗਰਮੀ ਸਰਦੀ ਦੀ ਕੋਈ ਪਰਵਾਹ ਨਹੀਂ ਸੀ ਕਰਿਆ ਕਰਦੇ। ਲੰਗਰ ਵਿਚ ਵੀ ਜਲ ਦੀ ਸੇਵਾ ਕਰਨ ਦੇ ਨਾਲ ਸਿੱਖਾਂ ਨੂੰ ਖੂਹ ਵਿਚੋਂ ਜਲ ਕੱਢ ਕੇ ਇਸ਼ਨਾਨ ਕਰਵਾਉਂਦੇ। ਸਭ ਤੋਂ ਪਿੱਛੋਂ ਆਪ ਜੀ ਲੰਗਰ ਛਕਦੇ ਤੇ ਇਸ ਤਰ੍ਹਾਂ ਬਿਰਧ ਉਮਰ ਵਿਚ ਵੀ ਗਭਰੂਆਂ ਵਾਂਗ ਨਿਤਾਪ੍ਰਤੀ ਨਿਸ਼ਕਾਮ ਸੇਵਾ ਕਰਦੇ।

ਗੋਇੰਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰ ਦਾਸ ਜੀ ਨੂੰ ਬਿਆਸ ਦਰਿਆ ਦੇ ਕਿਨਾਰੇ ਜਰਨੈਲੀ ਸੜਕ ਉਪਰ ਗੋਇੰਦਵਾਲ ਨਾਮੀ ਨਗਰ ਵਸਾਉਣ ਦਾ ਹੁਕਮ ਦਿੱਤਾ। ਸ੍ਰੀ ਅਮਰ ਦਾਸ ਜੀ ਨੇ ਇਸ ਸੇਵਾ ਨੂੰ ਵੀ ਸਫਲਤਾ ਸਹਿਤ ਨਿਭਾਇਆ ਤੇ ਬਾਅਦ ਵਿਚ, ਗੁਰੂ ਜੀ ਦੇ ਹੁਕਮ ਅਨੁਸਾਰ, ਆਪਣੇ ਪਰਵਾਰ ਸਮੇਤ ਏਥੇ ਵਾਸਾ ਵੀ ਕਰ ਲਿਆ। ਏਥੇ ਰਹਿੰਦਿਆਂ ਹੋਇਆਂ ਵੀ ਆਪ ਨੇ ਸਵੇਰੇ ਦਰਿਆ ਦੇ ਜਲ ਨਾਲ ਗੁਰੂ ਜੀ ਦਾ ਇਸ਼ਨਾਨ ਕਰਵਾਉਣ ਦੀ ਸੇਵਾ ਵਿਚ ਨਾਗ਼ਾ ਨਾ ਪਾਇਆ। ਅੰਮ੍ਰਿਤ ਵੇਲੇ ਗੋਇੰਦਵਾਲ ਤੋਂ ਜਾ ਕੇ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਤੇ ਸ੍ਰੀ ਖਡੂਰ ਸਾਹਿਬ ਵਿਚ ਗੁਰੂ ਜੀ ਦਾ ਇਸ਼ਨਾਨ ਕਰਵਾਉਂਦੇ। ਫਿਰ ਦਿਨੇ ਲੰਗਰ ਦੀ ਸੇਵਾ ਕਰ ਕੇ ਰਾਤ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਉਂਦੇ। ਸਵੇਰੇ ਫੇਰ ਏਹੀ ਸੇਵਾ ਦਾ ਕਰਮ ਸ਼ੁਰੂ ਹੋ ਜਾਂਦਾ।

ਸਤਿਗੁਰੂ ਅੰਗਦ ਦੇਵ ਜੀ ਨੇ ਇਹਨਾਂ ਦੀ ਹਰ ਪ੍ਰਕਾਰ ਕੀਤੀ ਗਈ ਤਕਰੀਬਨ ਬਾਰਾਂ ਸਾਲ ਦੀ ਸੇਵਾ ’ਤੇ ਪ੍ਰਸੰਨ ਹੋ ਕੇ ਤੇ ਹਰੇਕ ਤਰ੍ਹਾਂ ਯੋਗ ਜਾਣ ਕੇ ਆਪ ਜੀ ਨੂੰ, ੨੯ ਮਾਰਚ ਸੰਨ ੧੫੫੨ ਵਿਚ, ਗੁਰਗੱਦੀ 'ਤੇ ਸਥਾਪਤ ਕਰ ਦਿੱਤਾ ਤੇ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਨੂੰ ਬਣਾਉਣ ਦੀ ਆਗਿਆ ਕੀਤੀ। ਗੁਰੂ ਜੀ ਦੇ ਸਪੁੱਤਰਾਂ, ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ, ਨੇ ਇਸ ਦਾ ਵਿਰੋਧ ਕੀਤਾ ਤੇ ਕੁਝ ਸ਼ਰਾਰਤੀ ਲੋਕਾਂ ਦੀ ਚੁੱਕ ਵਿਚ ਆ ਕੇ ਖ਼ੁਦ ਗੁਰੂ ਬਣਨ ਦੇ ਅਸਫਲ ਯਤਨ ਵੀ ਕੀਤੇ ਪਰ ਗੁਰੂ ਅਮਰ ਦਾਸ ਜੀ ਨੇ ਉਹਨਾਂ ਦੇ ਵਿਰੋਧ ਦਾ ਬੁਰਾ ਨਾ ਮਨਾ ਕੇ, ਆਪਣੇ ਪੂਜ ਗੁਰੂ ਜੀ ਦੇ ਸਾਹਿਬਜ਼ਾਦੇ ਜਾਣ ਕੇ, ਹਰ ਸਮੇ ਉਹਨਾਂ ਦਾ ਸਤਿਕਾਰ ਹੀ ਕੀਤਾ। ਉਹਨਾਂ ਬਾਰੇ ਜ਼ਰਾ ਵੀ ਬੁਰਾ ਨਾ ਸੋਚਿਆ।

ਗੁਰਗੱਦੀ ਦੀ ਜ਼ੁੰਮੇਵਾਰੀ ਸੰਭਾਲਣ ਉਪ੍ਰੰਤ ਆਪ ਜੀ ਨੇ ਗੁਰੂ ਕੀ ਨਗਰੀ ਸ੍ਰੀ ਗੋਇੰਦਵਾਲ ਸਾਹਿਬ ਦੀ ਸਰਬਪੱਖੀ ਉਸਾਰੀ ਕੀਤੀ ਤਾਂ ਕਿ ਸੰਗਤਾਂ, ਯਾਤਰੂਆਂ, ਮੁਸਾਫ਼ਰਾਂ ਆਦਿ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋ ਸਕੇ। ਗੁਰੂ ਨਾਨਕ ਦੀ ਸਿੱਖੀ ਦੇ ਪ੍ਰਚਾਰ ਹਿਤ ਆਪ ਜੀ ਨੇ ਦੂਰ ਦੁਰਾਡੇ ਇਲਾਕਿਆਂ ਵਿਚ ਯੋਗ ਗੁਰਸਿੱਖਾਂ ਤੇ ਸਿੱਖਣੀਆਂ ਦੀ ਅਗਵਾਈ ਹੇਠ ਪ੍ਰਚਾਰ ਕੇਂਦਰ ਕਾਇਮ ਕੀਤੇ ਤਾਂ ਕਿ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਵਧ ਤੋਂ ਵਧ ਮਨੁੱਖਾਂ ਤੱਕ ਪੁਚਾਇਆ ਜਾ ਸਕੇ।

ਆਦਿ ਸਤਿਗੁਰੂ ਜੀ ਦੀਆਂ ਸਿਖਿਆਵਾਂ ਨੂੰ ਆਪ ਜੀ ਨੇ ਹੋਰ ਵੀ ਸਾਵਧਾਨਤਾ ਸਹਿਤ ਅਮਲੀ ਤੌਰ 'ਤੇ ਸਿੱਖ ਸੰਗਤਾਂ ਉਪਰ ਲਾਗੂ ਕੀਤਾ। ਜਾਤ ਪਾਤ ਦੇ ਵਿਰੁਧ ਨਾ ਕੇਵਲ ਪ੍ਰਚਾਰ ਹੀ ਕੀਤਾ ਬਲਕਿ ਦਰਸ਼ਨਾਂ ਤੋਂ ਪਹਿਲਾਂ ਸਾਂਝੇ ਲੰਗਰ

ਦੀ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਜ਼ਰੂਰੀ ਹਿਦਾਇਤ ਕਰ ਦਿੱਤੀ ਤਾਂ ਕਿ ਸਿੱਖੀ ਸੋਚ ਵਾਲੇ ਕਿਸੇ ਵਿਅਕਤੀ ਵਿਚ ਉਚੀ ਜਾਤ ਦਾ ਹੰਕਾਰ ਨਾ ਰਹੇ। ਜੀਵਨ ਦੇ ਹਰ ਖੇਤਰ ਵਿਚ ਇਸਤਰੀ ਦੀ ਬਰਾਬਰਤਾ ਦਾ ਆਦਰਸ਼ ਕਾਇਮ ਕੀਤਾ। ਘੁੰਡ ਕੱਢਣ ਦੀ ਗ਼ਲਤ ਪ੍ਰੰਪਰਾ, ਸਤੀ ਦੀ ਰਸਮ, ਜੰਮਣ ਮਰਨ ਆਦਿ ਦੀਆਂ ਫ਼ਜ਼ੂਲ ਤੇ ਮਨੁੱਖੀ ਸਮਾਜ ਲਈ ਹਾਨੀਕਾਰਕ ਰਸਮਾਂ ਨੂੰ ਦੂਰ ਕੀਤਾ। ਗੁਰੂ ਦਰਬਾਰ ਦਾ ਲੰਗਰ ਤੇ ਗੁਰੂ ਜੀ ਵੱਲੋਂ ਰਚੀ ਗਈ ਬਾਉਲੀ ਨੇ ਜਾਤ ਪਾਤ ਤੋੜਨ ਵਿਚ ਅਹਿਮ ਹਿੱਸਾ ਪਾਇਆ। ਸਹਿਣਸ਼ੀਲਤਾ, ਖਿਮਾ ਕਰਨ, ਬੁਰੇ ਦਾ ਭਲਾ ਕਰਨ ਵਾਲੇ ਮਹਾਨ ਗੁਣਾਂ ਨੂੰ ਵਰਤੋਂ ਵਿਚ ਲਿਆ ਕੇ ਆਪ ਜੀ ਨੇ ਆਪਣੇ ਗੁਰਸਿੱਖਾਂ ਵਾਸਤੇ ਮਿਸਾਲਾਂ ਕਾਇਮ ਕੀਤੀਆਂ। ਅਨੰਦੁ ਸਾਹਿਬ ਸਮੇਤ ਬਹੁਤ ਸਾਰੀ ਬਾਣੀ ਉਚਾਰ ਕੇ ਆਪ ਜੀ ਨੇ ਮਨੁੱਖਤਾ ਦੀਆਂ ਆਉਂਦੀਆਂ ਪੀਹੜੀਆਂ ਦੀ ਭਲਾਈ ਵਾਸਤੇ ਗਾਡੀ ਰਾਹ ਕਾਇਮ ਕੀਤੇ। ਗ੍ਰਿਹਸਤੀ ਜੀਵਨ ਨੂੰ ਸੁਖੀ ਤੇ ਸਫਲਤਾ ਸਹਿਤ ਨਿਭਾਉਣ ਲਈ ਮਹਾਨ ਸਿੱਖਿਆਵਾਂ ਦੀ ਬਖ਼ਸ਼ਿਸ਼ ਕੀਤੀ। ਗੁਰੂ ਦਰਬਾਰ ਵਿਚ ਭਾਵੇਂ ਸਮੇ ਦਾ ਸ਼ਹਿਨਸ਼ਾਹ ਅਕਬਰ ਆਵੇ ਤੇ ਭਾਵੇਂ ਕੋਈ ਗ਼ਰੀਬ ਜੁੱਤੀਆਂ ਗੰਢਣ ਵਾਲਾ ਆਵੇ, ਸਭ ਦਾ ਬਰਾਬਰ ਮਾਣ ਕਰਨ ਦੀ ਸਿੱਖਿਆ ਗੁਰੂ ਜੀ ਨੇ ਦਿੱਤੀ। ਉਚੀ ਜਾਤ ਤੇ ਧਰਮ ਦੇ ਠੇਕੇਦਾਰਾਂ ਦੀ ਵਿਰੋਧਤਾ, ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ ਦੀ ਈਰਖਾ, ਗੋਇੰਦੇ ਮਰਵਾਹੇ ਖੱਤਰੀ ਦੀ ਸੰਤਾਨ ਦਾ ਵਿਰੋਧ, ਗੋਇੰਦਵਾਲ ਦੇ ਵਸਨੀਕ ਖੋਜਿਆਂ ਦੀਆਂ ਸ਼ਰਾਰਤਾਂ ਆਦਿ ਦਾ ਟਾਕਰਾ ਆਪ ਜੀ ਨੇ ਸਹਿਣਸ਼ੀਲਤਾ, ਖਿਮਾ ਸਹਿਤ ਅਤੇ ਉਹਨਾਂ ਦੀਆਂ ਵਧੀਕੀਆਂ ਨੂੰ ਨਜ਼ਰ ਅੰਦਾਜ਼ ਕਰ ਕੇ ਕੀਤਾ। ਇਸ ਤਰ੍ਹਾਂ ਗੁਰਸਿੱਖਾਂ ਨੂੰ ਧੀਰਜ ਅਪਣਾਉਣ ਦਾ ਅਮਲੀ ਉਪਦੇਸ਼ ਦਿੱਤਾ।

ਆਪਣਾ ਸਰੀਰਕ ਅੰਤ ਸਮਾ ਨੇੜੇ ਜਾਣ ਕੇ, ਹਰ ਤਰ੍ਹਾਂ ਦੀ ਪਰਖ ਉਪ੍ਰੰਤ, ਆਪਣੇ ਛੋਟੇ ਦਾਮਾਦ ਭਾਈ ਜੇਠਾ ਜੀ ਨੂੰ ਹਰ ਪ੍ਰਕਾਰ ਇਸ ਪਦਵੀ ਦੇ ਯੋਗ ਜਾਣ ਕੇ, ੧ ਸਤੰਬਰ ਸੰਨ ੧੫੭੪ ਵਾਲੇ ਦਿਨ ਗੁਰਗੱਦੀ 'ਤੇ ਬਿਰਾਜਮਾਨ ਕਰਨ ਦੀ ਰਸਮ ਨੂੰ ਸਰੰਜਾਮ ਦੇ ਦਿੱਤਾ। ਇਹ ਹੁਕਮ ਵੀ ਕਰ ਦਿੱਤਾ ਕਿ ਹੁਣ ਸ੍ਰੀ ਗੁਰੂ ਰਾਮ ਦਾਸ ਜੀ ਉਹਨਾਂ ਦੀ ਆਗਿਆ ਅਨੁਸਾਰ ਹੀ ਵਸਾਏ ਗਏ ਨਗਰ, ਸ੍ਰੀ ਅੰਮ੍ਰਿਤਸਰ ਜੀ, ਨੂੰ ਆਪਣਾ ਪ੍ਰਚਾਰ ਕੇਂਦਰ ਬਣਾਉਣ ਤੇ ਓਥੇ ਹੀ ਆਪਣਾ ਨਿਵਾਸ ਲੈ ਜਾਣ।

ਭਾਵੇਂ ਕਿ ਗੁਰੂ ਜੀ ਦੇ ਵੱਡੇ ਦਾਮਾਦ ਭਾਈ ਰਾਮਾ ਜੀ ਵੀ ਗੁਰੂ ਘਰ ਦੀ ਸੇਵਾ ਕਰਨ ਵਿਚ ਕਿਸੇ ਪ੍ਰਕਾਰ ਪਿੱਛੇ ਨਹੀਂ ਸਨ ਤੇ ਸੰਗਤਾਂ ਵਿਚ ਵੀ ਦੋਵੇਂ ਸੇਵਕ ਬਰਾਬਰ ਹੀ ਸਮਝੇ ਜਾਂਦੇ ਸਨ ਪਰ ਅੰਤਮ ਪ੍ਰੀਖਿਆ ਵਿਚ ਭਾਈ ਜੇਠਾ ਜੀ ਹੀ ਪੂਰੇ ਉਤਰੇ। ਆਸ ਅਨੁਸਾਰ ਹੀ ਸਾਹਿਬਜ਼ਾਦਿਆਂ ਨੇ ਵਿਰੋਧ ਕੀਤਾ ਪਰ ਸਮਝਾਉਣ ਉਪ੍ਰੰਤ ਛੋਟੇ ਸਾਹਿਬਜ਼ਾਦੇ ਬਾਬਾ ਮੋਹਰੀ ਜੀ ਸਹਿਮਤ ਹੋ ਗਏ ਅਤੇ ਗੁਰੂ-ਪਿਤਾ ਦਾ ਹੁਕਮ ਮੰਨ ਕੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਚਰਨਾਂ 'ਤੇ ਮੱਥਾ ਟੇਕ ਦਿੱਤਾ।

ਇਉਂ ਆਪ ਜੀ ਬਾਈ ਸਾਲ ਦੇ ਕਰੀਬ ਗੁਰੂ ਨਾਨਕ ਜੀ ਦੀ ਫੁਲਵਾੜੀ ਦੀ ਸੰਭਾਲ ਕਰਦੇ ਹੋਏ, ਮਨੁੱਖਤਾ ਦੀ ਸਰਬ ਪੱਖੀ ਭਲਾਈ ਕਰਦੇ ਹੋਏ, ੯੫ ਕੁ ਸਾਲ ਦੀ ਸਰੀਰਕ ਉਮਰ, ਨਿਰੰਕਾਰ ਦੇ ਸਾਜੇ ਇਸ, "ਦੁਨੀ ਸੁਹਾਵਾ ਬਾਗ" ਵਿਚ ਬਿਤਾ ਕੇ, ਆਪਣੇ ਸਥਾਨ 'ਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਰੂਪ ਵਿਚ ਯੋਗ ਗੁਰ ਵਿਅਕਤੀ ਦੀ ਸਥਾਪਨਾ ਕਰ ਕੇ, ੧ ਸਤੰਬਰ ਸੰਨ ੧੫੭੪ ਨੂੰ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪਰਮ ਜੋਤਿ ਵਿਚ ਲੀਨ ਹੋ ਗਏ।

**14 ਸਤੰਬਰ ਨੂੰ ਜੋਤੀ ਜੋਤਿ ਅਤੇ 24 ਸਤੰਬਰ ਨੂੰ ਗੁਰਿਆਈ ਦਿਵਸ**

# ਸ੍ਰੀ ਗੁਰੂ ਰਾਮਦਾਸ ਜੀ

ਪ੍ਰੋ. ਕਰਤਾਰ ਸਿੰਘ ਐੱਮ ਏ



### ਗੁਰਿਆਈ ਤੋਂ ਪਹਿਲਾਂ ਦਾ ਸਮਾਂ

**ਜਨਮ-**

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ (ਪਾਕਿਸਤਾਨ) ਦੇ ਵਸਨੀਕ ਸ੍ਰੀ ਹਰਦਾਸ (ਹਰਿਦਾਸ) ਜੀ ਸੋਢੀ ਦੇ ਘਰ, ਮਾਤਾ ਦਇਆ ਕੌਰ ਜੀ ਕੁੱਖ ਤੋਂ ਕੱਤਕ ਵਦੀ ੨ (ਕੱਤੇ ਦੀ ਪੁੰਨਿਆਂ ਤੋਂ ਮਗਰੋਂ ਦੂਜੀ ਥਿਤ ਵਾਲੇ ਦਿਨ), ਸੰਮਤ ੧੫੯੧ ਨੂੰ ਹੋਇਆ। ਉਸ ਦਿਨ ਅੱਸੂ ਮਹੀਨੇ ਦੀ ੨੪ ਤਰੀਕ ਸੀ ਅਤੇ ਸੰਨ ੧੫੩੪ ਦੇ ਮਹੀਨੇ ਸਤੰਬਰ ਦੀ ੨੪ ਤਰੀਕ ਸੀ। ਮਾਪਿਆਂ ਨੇ ਆਪ ਦਾ ਨਾਂ 'ਜੇਠਾ' ਰੱਖਿਆ ।

**ਕਿਰਤ-ਕਮਾਈ**

ਸ੍ਰੀ ਜੇਠਾ ਜੀ ਅਜੇ ਛੋਟੀ ਉਮਰ ਦੇ ਹੀ ਸਨ ਕਿ ਪਹਿਲਾਂ ਉਨ੍ਹਾਂ ਦੀ ਮਾਤਾ ਜੀ ਚਲਾਣਾ ਕਰ ਗਏ ਅਤੇ ਮਗਰੋਂ ਪਿਤਾ ਜੀ ਵੀ ਸੁਰਗਵਾਸ ਹੋ ਗਏ। ਇਸ ਤਰ੍ਹਾਂ ਉਹ ਸੱਤਾਂ ਅੱਠਾਂ ਵਰ੍ਹਿਆਂ ਦੀ ਉਮਰ ਵਿੱਚ ਯਤੀਮ ਹੋ ਗਏ। ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ (ਅੰਮ੍ਰਿਤਸਰ) ਲੈ ਆਈ। ਨਾਨਕੇ ਘਰ ਦੀ ਗਰੀਬੀ ਦੇ ਕਾਰਨ ਸ੍ਰੀ ਜੇਠਾ ਜੀ ਛੋਟੀ ਉਮਰ ਤੋਂ ਹੀ ਕਿਰਤ-ਕਮਾਈ ਦੀ ਕਾਰ ਵਿੱਚ ਜੁੱਟ ਪਏ। ਆਪ ਛੋਲਿਆਂ ਦੀਆਂ ਘੁੰਙਣੀਆਂ ਵੇਚਿਆ ਕਰਦੇ ਸਨ ਅਤੇ ਇਸ ਤਰ੍ਹਾਂ ਘਰ ਦੇ ਨਿਰਬਾਹ ਵਿੱਚ ਹਿੱਸਾ ਪਾਉਂਦੇ ਸਨ। ਧਰਮੀ ਅਤੇ ਦਾਨੀ ਸੁਭਾਅ ਦਾ ਸਦਕਾ ਉਹ ਕਈ ਵੇਰ ਗਰੀਬ-ਗੁਰਬਿਆਂ ਅਤੇ ਸਾਧਾਂ ਫਕੀਰਾਂ ਨੂੰ ਘੁੰਙਣੀਆਂ ਮੁਫਤ ਹੀ ਵਰਤਾ ਦਿਆ ਕਰਨ। ਉਨ੍ਹਾਂ ਦੇ ਨਾਨਾ ਜੀ ਉਨ੍ਹਾਂ ਨੂੰ ਗੁੱਸੇ ਹੋਇਆ ਕਰਨ, ਪਰ ਫੇਰ ਵੀ ਉਹ ਸਮੇਂ-ਸਮੇਂ ਆਪਣੇ ਜਮਾਂਦਰੂ ਸੁਭਾਅ ਦਾ ਚਮਤਕਾਰ ਵਿਖਾਉਂਦੇ ਹੀ ਰਹੇ।

**ਗੁਰੂ-ਮਿਲਾਪ**

ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਜਨਮ-ਨਗਰੀ ਸੀ। ਓਥੋਂ ਚੋਖੇ ਲੋਕ ਗੁਰੂ ਜੀ ਦੇ ਦਰਸ਼ਨ ਲਈ ਗੋਂਦਵਾਲ ਜਾਇਆ ਕਰਦੇ ਸਨ। ਜਦ ਸ੍ਰੀ ਜੇਠਾ ਜੀ ਸਿਆਣੀ ਉਮਰ ਦੇ ਹੋਏ ਤਾਂ ਕਿਸੇ ਅੰਦਰਲੀ ਬਲਵਾਨ ਖਿੱਚ ਦੇ ਕਾਰਨ ਆਪ ਗੋਂਦਵਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਚਲੇ ਗਏ। ਓਥੇ ਗੁਰੂ ਦਰਬਾਰੋਂ ਉਨ੍ਹਾਂ ਦੀ ਆਤਮਾ ਤੇ ਧਾਰਮਕ ਰੁਚੀਆਂ ਨੂੰ ਰੱਜਵੀਂ ਖੁਰਾਕ ਮਿਲਣ ਲੱਗ ਪਈ । ਆਪ ਬੜੇ ਪ੍ਰੇਮ ਨਾਲ ਗੁਰ-ਸੰਗਤ ਦੀ ਸੇਵਾ ਕਰਨ ਲੱਗ ਪਏ। ਆਪਣਾ ਗੁਜ਼ਾਰਾ ਉਹ ਘੁੰਙਣੀਆਂ ਵੇਚ ਕੇ ਕਰੀ ਗਏ।

**ਵਿਆਹ**

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ। ਵੱਡੀ ਧੀ ਬੀਬੀ ਦਾਨੀ ਜੀ ਦਾ ਵਿਆਹ ਸ੍ਰੀ ਰਾਮਾ ਜੀ ਨਾਲ ਹੋ ਗਿਆ ਹੋਇਆ ਸੀ। ਛੋਟੀ ਧੀ ਬੀਬੀ ਭਾਨੀ ਜੀ ਅਜੇ ਕੁਆਰੀ ਸੀ। ਇਕ ਦਿਨ ਮਾਤਾ ਰਾਮ ਕੌਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ ਕਿ ਬੀਬੀ ਭਾਨੀ ਸੁਖ ਨਾਲ ਮੁਟਿਆਰ ਹੋ ਗਈ ਹੈ, ਉਹਦੇ ਵਾਸਤੇ ਯੋਗ ਵਰ ਦੀ ਭਾਲ ਕਰਨੀ

ਚਾਹੀਦੀ ਹੈ। ਉਸ ਵੇਲੇ ਦੇਵ-ਨੇਤ ਨਾਲ ਸ੍ਰੀ ਜੇਠਾ ਜੀ ਘੁੰਙਣੀਆਂ ਵੇਚਦੇ ਵੇਚਦੇ ਉਥੇ ਆ ਗਏ। ਇਸ ਸੋਹਣੇ ਸੁਡੌਲ ਗੱਭਰੂ ਨੂੰ ਵੇਖ ਕੇ ਮਾਤਾ ਜੀ ਨੇ ਕਿਹਾ ਕਿ ਵਰ ਇਸ ਕਾਕੇ ਜਿਹਾ ਹੋਣਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ: 'ਬਸ, ਇਸ ਜਿਹਾ ਤਾਂ ਇਹੋ ਹੀ ਐ।' ਬਸ, ਬਿਨਾਂ ਜਾਤ-ਪਾਤ ਜਾਂ ਨਾਨਕ ਦਾਦਕ ਬਾਰੇ ਕਿਸੇ ਪ੍ਰਕਾਰ ਦੀ ਪੁੱਛ ਪੜਤਾਲ ਕਰਨ ਦੇ, ਜਾਂ ਗਰੀਬੀ ਦੀ ਹਾਲਤ ਵੇਖ ਕੇ ਸੰਗਣ ਜਾਂ ਝਕਣ ਦੇ, ਗੁਰੂ ਜੀ ਨੇ ਬੀਬੀ ਭਾਨੀ ਜੀ ਦੀ ਮੰਗਣੀ ਸ੍ਰੀ ਜੇਠਾ ਜੀ ਨਾਲ ਕਰ ਦਿੱਤੀ। ਥੋੜ੍ਹੇ ਚਿਰ ਮਗਰੋਂ ੨੨ ਫੱਗਣ ਸੰਮਤ ੧੬੧੦ ਵਾਲੇ ਦਿਨ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ।

ਮਾਤਾ ਭਾਨੀ ਜੀ ਦੀ ਕੁੱਖੋਂ ਤਿੰਨ ਸਾਹਿਬਜ਼ਾਦੇ ਜਨਮੇ-ਪ੍ਰਿਥੀ ਚੰਦ (ਪ੍ਰਿਥੀਆ) ਸੰਮਤ ੧੬੧੫ ਵਿੱਚ, ਸ੍ਰੀ ਮਹਾਂਦੇਵ ਸੰਮਤ ੧੬੧੭ ਵਿੱਚ ਅਤੇ (ਸ੍ਰੀ ਗੁਰੂ) ਅਰਜਨ ਦੇਵ ਜੀ ਸੰਮਤ ੧੬੨੦ ਵਿਚ।

**ਸੇਵਾ ਘਾਲ**

ਵਿਆਹ ਮਗਰੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਜੇਠਾ ਜੀ ਨੂੰ ਵੀ ਸ੍ਰੀ ਰਾਮਾ ਜੀ ਵਾਕੁਰ ਆਪਣੇ ਘਰ ਹੀ ਰੱਖ ਲਿਆ। ਸ੍ਰੀ ਜੇਠਾ ਜੀ ਦਾ ਹੋਰ ਥਾਂ ਜੁ ਨਹੀਂ ਸੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨਿਥਾਵਿਆਂ ਦੇ ਥਾਂ ਜੁ ਸਨ।

ਸ੍ਰੀ ਜੇਠਾ ਜੀ ਤਨ ਮਨ ਨਾਲ ਗੁਰੂ ਜੀ ਦੀ ਅਤੇ ਸਾਧ ਸੰਗਤ ਦੀ ਸੇਵਾ ਕਰਨ ਲੱਗ ਪਏ। ਲੋਕਾਚਾਰੀ ਮੁਜਬ ਜਵਾਈ ਦਾ ਆਪਣੇ ਸਹੁਰੇ ਘਰ ਰਹਿ ਕੇ ਸੇਵਾ ਕਰਨੀ ਅਪਮਾਨ ਮੰਨਿਆ ਜਾਂਦਾ ਸੀ ਪਰ ਸ੍ਰੀ ਜੇਠਾ ਜੀ ਨੇ ਜਵਾਈ ਬਣ ਕੇ ਰਹਿਣ ਦਾ ਖਿਆਲ ਤੀਕ ਵੀ ਨਾ ਕੀਤਾ। ਉਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੇ ਮੁਕਤੀ ਦਾਤਾ ਗੁਰੂ ਅਤੇ ਆਪਣੇ ਆਪ ਨੂੰ ਉਨ੍ਹਾਂ ਦਾ ਨਿਮਾਣਾ ਸੇਵਕ ਸਮਝਦੇ ਸਨ। ਇਸ ਤਰ੍ਹਾਂ ਸੰਸਾਰਕ ਸੰਬੰਧ ਤੋਂ ਉਚੇਰੇ ਹੋ ਕੇ ਅਤੇ ਲੋਕਾਚਾਰੀ ਤੇ ਲੋਕ-ਲਾਜ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਗੁਰੂ-ਘਰ ਦੀ ਸੇਵਾ-ਘਾਲ ਵਿੱਚ ਜੁੱਟ ਪਏ।

ਗੁਰੂ ਜੀ ਉਨ੍ਹਾਂ ਦਾ ਸੇਵਾ-ਭਾਵ ਅਤੇ ਅਣਥੱਕ ਘਾਲ ਵੇਖ ਕੇ ਬੜਾ ਪ੍ਰਸੰਨ ਹੋਇਆ ਕਰਦੇ ਸਨ। ਉਹ ਉਨ੍ਹਾਂ ਨੂੰ ਬਹੁਤ ਕਰ ਕੇ 'ਰਾਮਦਾਸ' ਹੀ ਸੱਦਦੇ ਹੁੰਦੇ ਸਨ। ਇਸ ਤਰ੍ਹਾਂ ਸ੍ਰੀ ਜੇਠਾ ਜੀ ਦਾ ਨਾਂ ਸ੍ਰੀ ਰਾਮਦਾਸ ਜੀ ਪੱਕ ਗਿਆ।

ਸ੍ਰੀ ਰਾਮਦਾਸ ਜੀ ਨੇ ਛੇਤੀ ਹੀ ਸਿੱਖੀ ਆਸ਼ੇ ਨੂੰ ਪੂਰੀ ਤਰ੍ਹਾਂ ਸਮਝ ਲਿਆ ਅਤੇ ਆਪਣਾ ਜੀਵਨ ਗੁਰਸਿੱਖੀ ਦੇ ਸੱਚੇ ਵਿੱਚ ਢਾਲ ਲਿਆ। ਜਦ ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਦੀ ਤਿਆਰੀ ਅਰੰਭੀ ਤਾਂ ਸ੍ਰੀ ਰਾਮਦਾਸ ਜੀ ਨੇ ਇਸ ਕਾਰਜ ਦਾ ਸਾਰਾ ਪ੍ਰਬੰਧ ਸੰਭਾਲਿਆ। ਨਾਲ-ਨਾਲ ਹੀ ਆਪ ਸੰਗਤਾਂ ਨਾਲ ਮਿਲ ਕੇ ਕਾਰ-ਸੇਵਾ ਕਰਦੇ ਅਤੇ ਟੋਕਰੀ ਢੋਇਆ ਕਰਦੇ ਸਨ। ਇਕ ਵਾਰ ਆਪ ਸੇਵਾ ਵਿੱਚ ਮਗਨ ਹੋਏ ਟੋਕਰੀ ਢੋ ਰਹੇ ਸਨ ਕਿ ਲਾਹੌਰੋਂ ਸ਼ਰੀਕੇ ਦੇ ਕੁਝ ਸੱਜਣ ਆ ਗਏ। ਉਨ੍ਹਾਂ ਨੂੰ ਇਹ ਗੱਲ ਬਹੁਤ ਬੁਰੀ ਲੱਗੀ ਕਿ ਸਾਡਾ ਭਾਈ ਸਹੁਰੇ ਘਰ ਟੋਕਰੀ ਢੋ ਰਿਹਾ ਹੈ।

ਉਹ ਕਹਿਣ ਲੱਗੇ, 'ਜੇ ਇਸ ਨੇ ਮਿਹਨਤ ਮਜ਼ੂਰੀ ਹੀ ਕਰਨੀ ਸੀ, ਤਾਂ ਹੋਰ ਥਾਂ ਥੋੜ੍ਹੇ ਸਨ? ਇਸ ਨੇ ਤਾਂ ਸਾਡੀ ਨੱਕ ਵੱਢਣੀ ਹੀ ਕਰ ਦਿੱਤੀ ਹੈ।'

ਇਸ ਤਰ੍ਹਾਂ ਦੇ ਬਚਨ ਬੋਲਦੇ ਉਹ ਲਾਹੌਰੀਏ ਸੋਢੀ ਸ੍ਰੀ ਗੁਰੂ ਅਮਰਦਾਸ ਜੀ ਪਾਸ ਪੁੱਜੇ। ਉਨ੍ਹਾਂ ਨੇ ਗੁਰੂ ਜੀ ਨੂੰ ਉਲਾਹਮਾ ਦਿੱਤਾ। ਅੱਗੋਂ ਗੁਰੂ ਜੀ ਨੇ ਮੁਸਕਾ ਕੇ ਕਿਹਾ: 'ਪੁਰਖਾ! ਰਾਮਦਾਸ ਦੇ ਸਿਰ ਉਪਰ ਗਾਰੇ ਮਿੱਟੀ ਦੀ ਟੋਕਰੀ ਨਹੀਂ, ਸਗੋਂ ਦੀਨ-ਦੁਨੀ ਦਾ ਛਤ੍ਰ ਹੈ।" ਜਾਂ ਸੋਢੀਆਂ ਨੇ ਸ੍ਰੀ ਜੇਠਾ ਜੀ ਨੂੰ ਮਿਹਣਾ ਮਾਰਿਆ। ਤਾਂ ਉਹ ਕਹਿਣ ਲੱਗੇ: ਭੋਲਿਓ! ਤੁਸੀਂ ਅਸਲੀਅਤ ਨਹੀਂ ਸਮਝੇ। ਇਹ ਮੇਰਾ ਸਹੁਰਾ ਘਰ ਨਹੀਂ, ਸਗੋਂ ਮੇਰਾ ਮੁਕਤੀ ਦਰ ਹੈ। ਮੈਂ ਤਾਂ ਆਪਣੇ ਮੁਕਤੀ-ਦਾਤੇ ਸਤਿਗੁਰੂ ਦੀ ਸੇਵਾ ਕਰ ਕੇ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਜਤਨ ਕਰ ਰਿਹਾ ਹਾਂ। ਤੁਸੀਂ ਲੋਕਾਚਾਰੀ ਤੇ ਕੁੜਮਾਚਾਰੀ ਦੀਆਂ ਗੱਲਾਂ ਕਰਦੇ ਹੋ। ਇਹ ਤੁਹਾਡੀ ਭੁੱਲ ਹੈ।

**ਪ੍ਰੀਖਿਆ**

ਇਕ ਦਿਨ ਗੁਰੂ ਅਮਰਦਾਸ ਜੀ ਨੇ ਆਪਣੀ ਵੱਡੀ ਸਪੁੱਤਰੀ ਦੇ ਘਰ ਵਾਲੇ, ਸ੍ਰੀ ਰਾਮਾ ਜੀ ਨੂੰ ਕਿਹਾ ਕਿ ਬਾਉਲੀ ਦੀ ਇਮਾਰਤ ਬਣਦੀ ਵੇਖਣ ਲਈ ਏਸ ਟਿਕਾਣੇ ਇਕ ਥੜ੍ਹਾ ਬਣਾਓ, ਜਿਥੇ ਆ ਕੇ ਅਸੀਂ ਬਹਿ ਜਾਇਆ ਕਰੀਏ ਅਤੇ ਥੜ੍ਹਾ ਇਸ ਨਮੂਨੇ ਦਾ ਬਣੇ। ਇਸੇ ਤਰ੍ਹਾਂ ਇਕ ਹੋਰ ਟਿਕਾਣਾ ਦੱਸ ਕੇ ਆਪ ਨੇ ਸ੍ਰੀ ਰਾਮਦਾਸ ਜੀ ਨੂੰ ਆਗਿਆ ਕੀਤੀ ਕਿ ਇਥੇ ਥੜ੍ਹਾ ਬਣਾਓ ਅਤੇ ਇਸ ਤਰ੍ਹਾਂ ਦਾ ਬਣਾਓ।

ਦੋਹਾਂ ਨੇ ਸਾਰਾ ਜ਼ੋਰ ਲਾ ਕੇ ਥੜ੍ਹੇ ਬਣਾਏ। ਸ਼ਾਮ ਨੂੰ ਗੁਰੂ ਜੀ ਨੇ ਥੜ੍ਹੇ ਵੇਖੇ ਤੇ ਕਿਹਾ, 'ਇਹ ਥੜ੍ਹੇ ਠੀਕ ਨਹੀਂ ਬਣੇ, ਇਨ੍ਹਾਂ ਨੂੰ ਢਾਹ ਦਿਓ ਅਤੇ ਨਵੇਂ ਸਿਰਿਓਂ ਇਸ ਪ੍ਰਕਾਰ ਬਣਾਓ। ਥੜ੍ਹੇ ਫੇਰ ਬਣਾਏ ਗਏ। ਦੂਜੇ ਦਿਨ ਫੇਰ ਗੁਰੂ ਜੀ ਨੇ ਇਨ੍ਹਾਂ ਨੂੰ ਨਾ-ਪਸੰਦ ਕੀਤਾ ਅਤੇ ਢਾਹ ਕੇ ਮੁੜ ਬਣਾਉਣ ਦਾ ਹੁਕਮ ਦਿੱਤਾ। ਪੰਜ ਛੇ ਦਿਨ ਇਹੋ ਖੇਡ ਜਾਰੀ ਰਹੀ।

ਸ੍ਰੀ ਰਾਮਾ ਜੀ ਅੱਕ ਗਏ। ਉਹ ਕਹਿਣ ਲੱਗੇ, 'ਗੁਰੂ ਜੀ ਦੀ ਅਵਸਥਾ ਵਡੇਰੀ ਹੋ ਗਈ ਹੈ। ਚੇਤਾ ਨਹੀਂ ਨਾ ਰਹਿੰਦਾ! ਜਿਵੇਂ ਉਹ ਆਖ ਜਾਂਦੇ ਹਨ, ਮੈਂ ਉਸੇ ਤਰ੍ਹਾਂ ਥੜ੍ਹਾ ਉਸਾਰਦਾ ਹਾਂ, ਪਰ ਉਹ ਅਗਲੇ ਦਿਨ ਕੁਝ ਹੋਰ ਕਹਿ ਦੇਂਦੇ ਹਨ ਕਿ ਅਸਾਂ ਤਾਂ ਇਸ ਤਰ੍ਹਾਂ ਕਿਹਾ ਸੀ। ਇਹ ਆਖ ਕੇ ਥੜ੍ਹਾ ਢੁਹਾ ਦੇਂਦੇ ਹਨ। ਬਿਰਧ ਜੁ ਹੋਏ, ਉਨ੍ਹਾਂ ਦੇ ਵੱਸ ਦੀ ਗੱਲ ਨਹੀਂ।

ਜਦ ਕਿਸੇ ਨੇ ਸ੍ਰੀ ਰਾਮਦਾਸ ਜੀ ਨੂੰ ਇਸ ਬਾਰੇ ਕਿਹਾ, ਤਾਂ ਉਹ ਕਹਿਣ ਲੱਗੇ: ਮੈਂ ਅੰਜਾਣ ਹਾਂ, ਗੱਲ ਸਮਝਣ ਵਿੱਚ ਕੋਈ ਨਾ ਕੋਈ ਕਸਰ ਰਹਿ ਜਾਂਦੀ ਹੈ। ਗੁਰੂ ਜੀ ਮਿਹਰ ਕਰਦੇ ਹਨ, ਖ਼ਫਾ ਨਹੀਂ ਹੁੰਦੇ, ਸਗੋਂ ਨਵੇਂ ਸਿਰੇ ਜੁਗਤ ਦੱਸਦੇ ਸਮਝਾਉਂਦੇ ਹਨ। ਮੈਂ ਫੇਰ ਉਸਾਰਦਾ ਹਾਂ। ਮੈਨੂੰ ਤਾਂ ਉਨ੍ਹਾਂ ਦਾ ਹੁਕਮ ਮੰਨਣ ਵਿੱਚ ਖੁਸ਼ੀ ਹੈ। ਜਦ ਉਹ ਕਹਿੰਦੇ ਹਨ 'ਬਣਾਓ' ਤਾਂ ਮੈਨੂੰ ਚਾਅ ਚੜ੍ਹ ਜਾਂਦਾ ਹੈ। ਜਦ ਉਹ ਕਹਿੰਦੇ ਹਨ, 'ਢਾਹੋ' ਤਾਂ ਮੈਨੂੰ ਆਪਣੀ ਬੇਸਮਝੀ ਉਪਰ ਅਫਸੋਸ ਹੁੰਦਾ ਹੈ, ਪਰ ਥੜ੍ਹਾ ਢਹਿੰਦਾ ਵੇਖ ਕੇ ਉਹ ਖੁਸ਼ ਹੁੰਦੇ ਹਨ, ਉਨ੍ਹਾਂ ਦੀ ਖੁਸ਼ੀ ਹੀ ਤਾਂ ਮੈਂ ਚਾਹੁੰਦਾ ਹਾਂ। ਜੇ ਉਹ ਥੜ੍ਹਾ ਉਸਰਦਾ ਵੇਖ ਕੇ ਖੁਸ਼ ਹੁੰਦੇ ਹਨ ਤਾਂ ਮੈਂ ਉਸਾਰ ਕੇ ਨਿਹਾਲ ਹੁੰਦਾ ਹਾਂ, ਜੇ ਉਹ ਥੜ੍ਹਾ ਢੁਹਾ ਕੇ ਖੁਸ਼ ਹੁੰਦੇ ਹਨ, ਤਾਂ ਮੈਂ ਢਾਹ ਕੇ ਖੁਸ਼ੀ ਮਾਣਦਾ ਹਾਂ।'

ਇਸੇ ਤਰ੍ਹਾਂ ਸ੍ਰੀ ਰਾਮਦਾਸ ਜੀ ਨੇ ਸ਼ਰਧਾ, ਗੁਰੂ-ਪ੍ਰੇਮ, ਸਿਦਕ, ਆਪਾ-ਭਾਵ ਦੀ ਨਿਵਿਰਤੀ ਅਤੇ ਉਜਰ-ਉਤਰ-ਰਹਿਤ ਆਗਿਆਕਾਰਤਾ ਦਾ ਸਬੂਤ ਦਿੱਤਾ। ਇਸ ਤਰ੍ਹਾਂ ਉਹ ਪ੍ਰੀਖਿਆ ਵਿੱਚ ਸਫਲ ਹੋਏ। ਗੁਰੂ ਅਮਰਦਾਸ ਜੀ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਸਾਡੇ ਮਗਰੋਂ ਗੁਰਤਾ ਦੀਆਂ ਜ਼ੁੰਮੇਵਾਰੀਆਂ ਸ੍ਰੀ ਰਾਮਦਾਸ ਜੀ ਸੰਭਾਲਣਗੇ, ਪਰ ਇਸ ਪ੍ਰੀਖਿਆ ਨੇ ਸਭ ਸਿੱਖ ਸੰਗਤਾਂ ਨੂੰ ਯਕੀਨ ਕਰਾ ਦਿੱਤਾ ਕਿ ਠੀਕ ਸ੍ਰੀ ਰਾਮਦਾਸ ਜੀ ਹੀ ਗੁਰਤਾ ਦੇ ਯੋਗ ਹਨ।

**ਗੁਰਿਆਈ**

ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆ ਪੁੱਜਾ ਜਾਣ ਕੇ ਗੁਰੂ ਅਮਰਦਾਸ ਜੀ ਨੇ ਸੰਮਤ ੧੬੩੧ ਦੇ ਭਾਦੋਂ ਦੀ ਪੁੰਨਿਆ (ਭਾਦੋਂ ਸੁਦੀ ੧੫) ਵਾਲੇ ਦਿਨ ਜਿਸ ਦਿਨ ਅੱਸੂ ਮਹੀਨੇ ਦੀ ਸੰਗਰਾਂਦ ਅਤੇ ਸਤੰਬਰ ਸੰਨ ੧੫੭੪ ਦੀ ਪਹਿਲੀ ਤਰੀਕ ਸੀ, ਸ੍ਰੀ ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਆਪਣੇ ਹੱਥੀਂ ਉਨ੍ਹਾਂ ਨੂੰ ਆਪਣੀ ਗੱਦੀ ਉਪਰ ਬਿਠਾਇਆ। ਫੇਰ ਆਪ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਾਇਆ। ਸਾਰੀ ਸੰਗਤ ਤੇ ਮੁਖੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ। ਸਾਹਿਬਜ਼ਾਦੇ ਮੋਹਰੀ ਜੀ ਵੀ ਗੁਰੂ ਜੀ ਦੇ ਚਰਨੀਂ ਪਏ। ਸਾਰੇ ਪਰਵਾਰ ਨੇ ਨਮਸਕਾਰ ਕੀਤੀ, ਇਕ ਬਾਬਾ ਮੋਹਨ ਜੀ ਮੱਥਾ ਟੇਕਣ ਨਾ ਆਏ।

ਇਸ ਤਰ੍ਹਾਂ ਆਪਣੇ ਨਿੱਜੀ ਗੁਣਾਂ, ਕਰਤਾਰ ਦੀ ਕ੍ਰਿਪਾਲਤਾ ਅਤੇ ਗੁਰੂ ਜੀ ਦੀ ਦਿਆਲਤਾ ਦਾ ਸਦਕਾ ਸ੍ਰੀ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ 'ਤਾਰਨ ਤਰਣੰ ਸੋਢੀ ਸੁਲਤਾਨ ਬਣ ਗਏ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥

(ਵਾਰ ਰਾਮਕਲੀ, ਸੱਤਾ ਬਲਵੰਡਿ, ਪੰਨਾ ੯੬੮)

(ਸਿੱਖ ਇਤਿਹਾਸ ਵਿੱਚੋਂ)

13 ਸਤੰਬਰ ਨੂੰ ਗੁਰਿਆਈ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਨੂੰ ਦੇਣ

ਡਾ. ਗੁਰਚਰਨ ਸਿੰਘ



ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ੧੫ ਅਪ੍ਰੈਲ, ੧੫੬੩ ਈ: ਨੂੰ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਹੋਇਆ।

ਮੁੱਢਲੇ ਬਾਲਪਨ ਦੇ ਵਰ੍ਹੇ ਆਪ ਨੇ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਪਾਸ ਗੁਜ਼ਾਰੇ। ਬਚਪਨ ਵਿਚ ਹੀ ਆਪ ਦੇ ਮਸਤਕ ਦੇ ਰੂਹਾਨੀ ਤੇਜ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਪਿਆਰ ਨਾਲ ਵਰਦਾਨ ਦਿੱਤਾ: 'ਦੋਹਿਤਾ ਬਾਣੀ ਕਾ ਬੋਹਿਥਾ', ਜੋ ਭਵਿੱਖ ਵਿਚ ਸਤਿ ਸਾਬਤ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਉਪਰੰਤ ਆਪ ਜੀ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਪਾਸ ਸਾਰੇ ਪਰਵਾਰ ਨਾਲ 'ਗੁਰੂ ਕੇ ਚੱਕ' ਸ੍ਰੀ ਅੰਮ੍ਰਿਤਸਰ ਵਿਚ ਆ ਗਏ। ਉੱਥੇ ਹੀ ਹੋਰ ਸਿੱਖਿਆ ਗ੍ਰਹਿਣ ਕੀਤੀ ਅਤੇ ਮਗਰੋਂ ਗੁਰੂ ਪਿਤਾ ਦੀ ਅਗਵਾਈ ਵਿਚ ਗੁਰਸਿੱਖੀ ਦੀ ਸਿੱਖਿਆ ਦੀ ਘਾਲ-ਕਮਾਈ ਅਤੇ ਗੁਰੂ-ਘਰ ਦੀ ਸੇਵਾ ਨਾਲ ਜੁੜ ਗਏ। ਉਦੋਂ ਉੱਥੇ ਗੁਰੂ-ਘਰ ਦੇ ਅਸਥਾਨਾਂ ਦੇ ਨਿਰਮਾਣ ਦੇ ਕਾਰਜ ਜ਼ੋਰਾਂ 'ਤੇ ਚੱਲ ਰਹੇ ਸਨ। ਜੋ ਸੇਵਾ ਆਪ ਜੀ ਦੇ ਸਪੁਰਦ ਕੀਤੀ ਜਾਂਦੀ, ਉਹ ਪੂਰੀ ਤਰ੍ਹਾਂ ਨਿਸ਼ਕਾਮ ਭਾਵਨਾ ਨਾਲ ਸਿਰੇ ਚਾੜ੍ਹਦੇ ਅਤੇ ਸਦਾ ਸਿਮਰਨ ਵੀ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਆਪ ਜੀ ਦੇ ਜੀਵਨ ਵਿਵਹਾਰ ਵਿਚ ਪ੍ਰਭੂ-ਪ੍ਰੇਮ ਦੀ ਲਲਕ ਤੇ ਦੁਨਿਆਵੀ ਕਾਰਜਾਂ ਨੂੰ ਕੁਸ਼ਲਤਾ ਸਹਿਤ ਸਿਰੇ ਚਾੜ੍ਹਣ ਦੇ ਗੁਣਾਂ ਦਾ ਸੁਮਿਸ਼ਰਨ ਹੋ ਗਿਆ।

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਵੱਡੇ ਪੁੱਤਰਾਂ ਪ੍ਰਿਥੀ ਚੰਦ ਤੇ ਮਹਾਂਦੇਵ ਦੇ ਕਿਰਦਾਰ ਨੂੰ ਵੀ ਵੇਖ ਰਹੇ ਸਨ ਜੋ ਗੁਰਮਤਿ ਦੀ ਕਸੌਟੀ 'ਤੇ ਖਰੇ ਨਹੀਂ ਉਤਰੇ ਜਦਕਿ ਉਨ੍ਹਾਂ ਦੇ ਛੋਟੇ ਸਪੁੱਤਰ ਸ੍ਰੀ 'ਗੁਰੂ ਅਰਜਨ ਦੇਵ ਜੀ ਪ੍ਰਭੂ-ਪ੍ਰੇਮ ਵਿਚ ਰੰਗੀਜੇ, ਗੁਰਬਾਣੀ ਦੇ ਪ੍ਰੇਮੀ, ਸ਼ਬਦ ਦੀ ਸੁਰਤ ਵਿਚ ਵਿਚਾਰ ਕਰਨ ਵਾਲੇ, ਹਰ ਆਗਿਆ ਦਾ ਤੁਰੰਤ ਪਾਲਣ ਕਰਨ ਵਾਲੇ, ਗੁਰੂ-ਘਰ ਦੀ ਹਰ ਸੇਵਾ ਲਈ ਤਤਪਰ ਰਹਿਣ ਵਾਲੇ, ਹਰ ਜ਼ਿੰਮੇਵਾਰੀ ਨੂੰ ਪੂਰੀ ਈਮਾਨਦਾਰੀ ਤੇ ਯੋਗਤਾ ਨਾਲ ਸਿਰੇ ਚੜ੍ਹਾ ਲੈਣ ਵਾਲੇ ਅਤੇ ਸੰਗਤਾਂ ਨਾਲ ਪ੍ਰੇਮ-ਭਾਵਨਾ ਰੱਖਣ ਵਾਲੇ ਸਨ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਸੰਸਾਰਕ ਸਮਾਂ ਨੇੜੇ ਜਾਣਦਿਆਂ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇ ਹਰ ਤਰ੍ਹਾਂ ਯੋਗ ਸਮਝਦਿਆਂ ਆਪਣੇ ਹੱਥੀਂ ਗੁਰੂ ਥਾਪ ਕੇ ਗੁਰਿਆਈ ਦੇ ਤਖਤ 'ਤੇ ਬਿਰਾਜਮਾਨ ਕਰ ਦਿੱਤਾ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੇਠਾ ਪੁੱਤਰ ਹੋਣ ਕਰਕੇ ਆਪਣੇ ਆਪ ਨੂੰ ਗੁਰਗੱਦੀ ਦਾ ਹੱਕੀ ਵਾਰਸ ਜਤਾਉਂਦਿਆਂ ਗੁਰੂ-ਪਿਤਾ ਨਾਲ ਬੜਾ ਕਲੇਸ਼ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਨੂੰ ਗੁਰੂ-ਹੁਕਮਾਂ ਦਾ ਵਿਰੋਧ ਕਰਨ ਤੇ 'ਮੀਣਾ' ਕਹਿ ਕੇ ਦਰਕਾਰ ਦਿੱਤਾ ਅਤੇ ਗੁਰੂ-ਘਰ ਤੋਂ ਖਾਰਿਜ ਕਰ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਮਗਰੋਂ ਵੀ ਪ੍ਰਿਥੀ ਚੰਦ ਨੇ ਸਰਕਾਰੀ ਗੱਠਜੋੜ ਤੇ ਹੋਰ ਕੁਚਾਲਾਂ ਚੱਲਦਿਆਂ ਸਿੱਖ ਸੰਗਤਾਂ ਨੂੰ ਵਰਗਲਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਲਈ ਕਈ ਪਰੇਸ਼ਾਨੀਆਂ ਤੇ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ। ਸ੍ਰੀ ਗੁਰੂ ਅਰਜਨ ਦੇਵ ਜੀ ਉਸ ਵੱਲੋਂ ਖੜ੍ਹੇ ਕੀਤੇ

ਝਗੜਿਆਂ ਦੇ ਬਾਵਜੂਦ ਵੀ ਪਰਮਾਤਮਾ ਦਾ ਓਟ ਆਸਰਾ ਲੈ ਕੇ ਧੀਰਜ ਨਾਲ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਰਹੇ ਅਤੇ ਸਿਦਕ-ਦਿਲੀ ਨਾਲ ਸਿੱਖੀ ਦੇ ਪ੍ਰਚਾਰ-ਪ੍ਰਸਾਰ ਨਾਲ ਜੁੜੇ ਰਹੇ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਜੋ ਸਿੱਖੀ ਦਾ ਕੇਂਦਰੀ ਅਸਥਾਨ ਸਥਾਪਿਤ ਹੋ ਚੁੱਕਾ ਸੀ, ਦੇ ਹੋਰ ਵਿਕਾਸ ਕਾਰਜਾਂ ਦੇ ਨਾਲ ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਕਰਵਾ ਕੇ ਇਸ ਦੀਆਂ ਪਉੜੀਆਂ ਨੂੰ ਪੱਕਾ ਕਰਵਾਇਆ। ਸ਼ੁਰੂ ਵਿਚ ਪ੍ਰਿਥੀ ਚੰਦ ਵੱਲੋਂ ਧੱਕੇ ਨਾਲ ਗੁਰੂ-ਘਰ ਦੀ ਉਗਰਾਹੀ ਦੀ ਭੇਟਾ ਸੰਗਤਾਂ ਪਾਸੋਂ ਇਕੱਠੀ ਕਰ ਲੈਣ 'ਤੇ ਕੁਝ ਦਿੱਕਤਾਂ ਵੀ ਪੇਸ਼ ਆਈਆਂ, ਲੰਗਰ ਦੀ ਹਾਲਤ ਵੀ ਕੁਝ ਢਿੱਲੀ ਪਈ। ਪਰ ਆਪ ਜੀ ਪੂਰਨ ਭਰੋਸੇ ਵਿਚ ਰਹੇ। ਗੁਰੂ-ਘਰ ਦੇ ਅਨਿੰਨ ਗੁਰਸਿੱਖਾਂ ਬਾਬਾ ਬੁੱਢਾ ਜੀ, ਭਾਈ ਸਾਲ੍ਹੋ ਜੀ, ਭਾਈ ਜੇਠਾ ਜੀ, ਭਾਈ ਪੈੜਾ ਜੀ, ਭਾਈ ਗੁਰਦਾਸ ਜੀ ਨੇ ਸਾਰੀ ਸਥਿਤੀ ਨੂੰ ਵਿਚਾਰ ਕੇ ਪ੍ਰਿਥੀ ਚੰਦ ਦੇ ਰਵੱਈਏ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਨ੍ਹਾਂ ਯਤਨਾਂ ਦੇ ਕਾਰਨ ਗੁਰੂ-ਘਰ ਦੀ ਉਸਾਰੀ ਦੇ ਕਾਰਜਾਂ ਵਿਚ ਵੀ ਤੇਜ਼ੀ ਆ ਗਈ ਅਤੇ ਗੁਰੂ-ਦਰਬਾਰ ਦੀਆਂ ਰੌਣਕਾਂ ਵਿਚ ਵੀ ਚੰਗਾ ਵਾਧਾ ਹੋ ਗਿਆ।

ਇਸ ਦੇ ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ-ਦਰਬਾਰ ਵਿਚ ਗੁਰਬਾਣੀ ਦੇ ਕੀਰਤਨ ਕਥਾ, ਸੇਵਾ, ਸਿਮਰਨ, ਗੁਰਸਿੱਖੀ ਸਿੱਖਿਆ ਨੂੰ ਦ੍ਰਿੜ ਕਰਾਉਣ ਵਾਸਤੇ ਗੁਰਬਾਣੀ ਨਾਲ ਜੁੜਨ ਦੀ ਨਿੱਗਰ ਧਾਰਾ ਦੇ ਪ੍ਰਵਾਹ ਨੂੰ ਚਲਾ ਦਿੱਤਾ। ਇਸ ਸਦਕਾ ਸਭ ਪਾਸਿਓਂ ਸੰਗਤਾਂ ਦਰਸ਼ਨ-ਇਸ਼ਨਾਨ ਤੇ ਪ੍ਰਭੂ-ਭਗਤੀ ਦੇ ਰਸ ਦਾ ਲਾਹਾ ਲੈਣ ਲਈ ਵਹੀਰਾਂ ਘੱਤ ਕੇ ਆਉਣ ਲੱਗ ਪਈਆਂ। ਉਨ੍ਹਾਂ ਐਸੀ ਮਰਯਾਦਾ ਬੰਨ੍ਹ ਦਿੱਤੀ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਦੇ ਕੀਰਤਨ ਤੇ ਹਰੀ ਰਸ ਦੇ ਅੰਮ੍ਰਿਤ-ਰਸ ਦੀ ਧੁਨੀ ਸਦਾ ਗੂੰਜਣ ਲੱਗ ਪਈ।

ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਗਤਾਂ ਵਿਚ ਫੈਲ ਰਹੀ ਸੋਭਾ ਨੂੰ ਨਾ ਸਹਾਰਦਿਆਂ ਲਾਹੌਰ ਸੂਬੇ ਦੇ ਮਾਲ-ਅਫ਼ਸਰ ਸੁਲਹੀ ਖਾਨ ਨਾਲ ਗੋਂਦਾਂ ਰਚਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਵਾਸਤੇ ਨਿੱਤ ਨਵੀਆਂ ਸਰਕਾਰੀ ਮੁਸੀਬਤਾਂ ਖੜ੍ਹੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸ੍ਰੀ ਗੁਰੂ ਅਰਜਨ ਦੇਵ ਜੀ ਸ਼ੁਰੂ ਤੋਂ ਹੀ ਧੀਰਜ ਤੇ ਸ਼ਾਂਤ ਸੁਭਾਅ ਵਾਲੇ ਸਨ। ਉਨ੍ਹਾਂ ਨੇ ਪ੍ਰਿਥੀ ਚੰਦ ਦੀਆਂ ਚਾਲਾਂ ਤੇ ਉਲਝੇਵਿਆਂ ਵਿਚ ਉਲਝਣ ਦੀ ਥਾਂ ਕੁਝ ਦੇਰ ਲਈ ਸ੍ਰੀ ਅੰਮ੍ਰਿਤਸਰ ਤੋਂ ਦੂਰ ਰਹਿ ਕੇ ਸਿੱਖੀ ਦੇ ਪ੍ਰਚਾਰ ਨੂੰ ਬਿਆਸ ਤੇ ਰਾਵੀ ਦੇ ਇਲਾਕੇ ਵਿਚ ਕਰਨ ਦੀ ਯੋਜਨਾ ਬਣਾ ਲਈ। ਉਹ ਸੰਗਤਾਂ ਨਾਲ ਉਸ ਇਲਾਕੇ ਵਿਚ ਸਿੱਖੀ ਦੇ ਪ੍ਰਸਾਰ ਲਈ ਚਲੇ ਗਏ। ਗੁਰੂ ਜੀ ਨੇ ਪਹਿਲੇ ਪੜਾਅ ਵਿਚ ਤਰਨਤਾਰਨ ਸਾਹਿਬ ਦੀ ਨੀਂਹ ਰੱਖ ਕੇ ਇਸ ਨੂੰ ਵਸਾਇਆ ਤੇ ਫਿਰ ਇੱਥੇ ਗੁਰ-ਅਸਥਾਨ ਤਿਆਰ ਕਰਵਾ ਕੇ ਇਸ ਇਲਾਕੇ ਦੇ ਵਿਚ ਪਾਣੀ ਦੀ ਕਿੱਲਤ ਦੂਰ ਕਰਨ ਲਈ ਵਿਸ਼ਾਲ ਸਰੋਵਰ ਤਿਆਰ ਕਰਵਾਇਆ। ਇਸ ਦੇ ਨਾਲ ਹੀ ਇੱਥੇ ਅਪਾਹਜਾਂ ਤੇ ਗੰਭੀਰ ਰੋਗਾਂ ਨਾਲ ਗ੍ਰਸਤ ਰੋਗੀਆਂ ਦੀ ਸੇਵਾ ਲਈ ਕੁਸ਼ਟ ਆਸ਼ਰਮ ਸਥਾਪਿਤ ਕਰਵਾਇਆ। ਇਸ ਦੇ ਨਾਲ ਉੱਥੇ ਸਿੱਖੀ ਦੀ ਸਿੱਖਿਆ ਤੇ ਗੁਰਬਾਣੀ ਦਾ ਪ੍ਰਵਾਹ ਚਲਾਇਆ। ਤਰਨਤਾਰਨ ਸਾਹਿਬ ਵਸਾਉਣ ਤੋਂ ਬਾਅਦ ਗੁਰੂ ਸਾਹਿਬ ਕਰਤਾਰਪੁਰ ਸਾਹਿਬ (ਜਲੰਧਰ) ਆ ਗਏ। ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰਵਾਇਆ। ਸੰਗਤਾਂ ਨੂੰ ਉਤਸ਼ਾਹ ਤੇ ਪ੍ਰੇਰਨਾ ਦੇ ਕੇ ਗੁਰੂ-ਘਰ ਦਾ ਅਸਥਾਨ ਤਿਆਰ ਕਰਵਾਇਆ ਤਾਂ ਜੋ ਉਸ ਇਲਾਕੇ ਦੀ ਸੰਗਤ ਉੱਥੇ ਰੋਜ਼ਾਨਾ ਸਾਧ-ਸੰਗਤ ਦੇ ਰੂਪ ਵਿਚ ਗੁਰਬਾਣੀ ਨਾਲ ਜੁੜ ਕੇ ਗੁਰਸਿੱਖੀ ਸਿੱਖਿਆ ਗ੍ਰਹਿਣ ਕਰਨ ਦਾ ਅਭਿਆਸ ਕਰ ਸਕੇ ਅਤੇ ਨਾਲ ਹੀ ਸਭਨਾਂ ਦਾ ਆਪਸੀ ਭਾਈਚਾਰਾ ਵੀ ਪ੍ਰਫੁਲਿਤ ਹੋਏ। ਉੱਥੇ ਕੁਝ ਸਮਾਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਗੁਜ਼ਾਰਿਆ। ਗੁਰੂ ਜੀ ਨੇ ਉਸ ਇਲਾਕੇ ਦੇ ਇਰਦ-ਗਿਰਦ ਪਿੰਡਾਂ ਵਿਚ ਸਿੱਖੀ ਦੀਆਂ ਪ੍ਰਚਾਰ ਫੇਰੀਆਂ ਲਾਈਆਂ। ਜਿਸ ਨਾਲ ਉਸ ਇਲਾਕੇ ਵਿਚ ਸਿੱਖੀ ਦਾ ਕਾਫੀ ਪ੍ਰਚਾਰ ਹੋਇਆ। ਗੁਰੂ ਜੀ ਦੇ ਉੱਦਮ ਨਾਲ ਕਰਤਾਰਪੁਰ ਸਾਹਿਬ ਵੀ ਸਿੱਖੀ ਦਾ ਇਕ ਹੋਰ ਕੇਂਦਰ ਸਥਾਪਿਤ ਹੋ ਗਿਆ।

ਉੱਥੋਂ ਗੁਰੂ ਸਾਹਿਬ ਸੰਗਤਾਂ ਨਾਲ ਪੜਾਅ ਕਰਦੇ ਲਹਿੰਦੇ ਵੱਲ ਦੇ ਇਲਾਕੇ ਵਿਚ ਵਡਾਲੀ (ਸ੍ਰੀ ਅੰਮ੍ਰਿਤਸਰ) ਆ ਡੇਰਾ ਕੀਤਾ। ਵਡਾਲੀ ਵਿਖੇ ਹੀ ਉਨ੍ਹਾਂ ਦੇ ਘਰ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਵਡਾਲੀ ਪੱਕਾ ਟਿਕਾਣਾ ਬਣਾ ਕੇ ਗੁਰੂ ਜੀ ਲਹਿੰਦੇ ਪਹਾੜ ਦੇ ਪਾਸੇ ਦੱਖਣ ਦੇ ਪਿੰਡਾਂ ਵਿਚ ਸਿੱਖੀ ਦੇ ਪ੍ਰਚਾਰ ਲਈ ਫੇਰੀਆਂ ਲਾਉਂਦੇ ਰਹੇ।

ਉਸ ਸਮੇਂ ਇਸ ਇਲਾਕੇ ਵਿਚ ਬੜੀ ਔੜ ਲੱਗ ਗਈ। ਉਧਰ ਖੇਤੀ ਵਰਖਾ ਆਸਰੇ ਹੀ ਹੁੰਦੀ ਸੀ ਅਤੇ ਕੁਝ ਖੂਹਾਂ

ਦੁਆਰਾ। ਗੁਰੂ ਜੀ ਜਿੱਧਰ ਵੀ ਸਿੱਖੀ ਦੇ ਪ੍ਰਚਾਰ ਲਈ ਜਾਂਦੇ ਤਾਂ ਲੋਕਾਂ ਨੂੰ ਸਰੋਵਰ ਤੇ ਖੂਹ ਲਾਉਣ ਦੀ ਪ੍ਰੇਰਨਾ ਦਿੰਦੇ ਤਾਂ ਜੋ ਖੇਤੀ ਦੀ ਉਪਜ ਲਈ ਵਰਖਾ ਦੇ ਨਾਲ ਹੋਰ ਸਾਧਨ ਵੀ ਬਣ ਜਾਣ। ਪਰ ਭਿਆਨਕ ਔੜ ਦੇ ਕਾਰਨ ਉਸ ਇਲਾਕੇ ਵਿਚ ਕਾਲ ਪੈ ਗਿਆ । ਕਾਲ ਪੈਣ ਦੇ ਨਾਲ ਕੁਦਰਤੀ ਬਿਮਾਰੀਆਂ ਵੀ ਪੈਦਾ ਹੋ ਗਈਆਂ। ਰੋਟੀ ਨਾ ਮਿਲਣ 'ਤੇ ਭੁੱਖੇ ਲੋਕ ਮੌਤ ਦਾ ਸ਼ਿਕਾਰ ਬਣਨਾ ਸ਼ੁਰੂ ਹੋ ਗਏ। ਪਿੰਡਾਂ ਵਿਚ ਤਾਂ ਮਾੜਾ-ਮੋਟਾ ਅੰਨ ਦਾ ਦਾਣਾ ਮਿਲ ਜਾਂਦਾ ਸੀ, ਪਰ ਸ਼ਹਿਰਾਂ ਵਿਚ ਅੰਨ ਦੀ ਘਾਟ ਕਾਰਨ ਬਿਮਾਰੀਆਂ ਨੇ ਬੜੀ ਮਾਰ ਕੀਤੀ। ਹੋਰ ਸ਼ਹਿਰਾਂ ਦੇ ਨਾਲ ਲਾਹੌਰ ਦੀ ਹਾਲਤ ਖਾਸ ਤੌਰ 'ਤੇ ਭਿਆਨਕ ਤੇ ਤਰਸਯੋਗ ਬਣ ਗਈ। ਲਾਹੌਰ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਮੁਰਦਿਆਂ ਦੇ ਢੇਰ ਲੱਗ ਗਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੀ ਦੁਰਦਸ਼ਾ ਦੀ ਖ਼ਬਰ ਮਿਲਣ 'ਤੇ ਸੰਗਤਾਂ ਨਾਲ ਤੁਰੰਤ ਲਾਹੌਰ ਪਹੁੰਚ ਗਏ। ਉਨ੍ਹਾਂ ਦੁਖੀਆਂ ਦਾ ਦੁੱਖ-ਦਰਦ ਵੰਡਣ ਲਈ ਅਤੇ ਕਾਲ ਪੀੜਤਾਂ ਦੀ ਸਹਾਇਤਾ ਵਾਸਤੇ ਲੰਗਰ ਅਤੇ ਦਵਾ-ਦਾਰੂ ਦੇ ਰਾਹਤ ਕਾਰਜ ਸ਼ੁਰੂ ਕਰਵਾ ਦਿੱਤੇ। ਸੰਗਤਾਂ ਤੇ ਹੋਰ ਸਭਨਾਂ ਨੂੰ ਉਤਸ਼ਾਹ ਦਿੰਦਿਆਂ ਉਨ੍ਹਾਂ ਅੰਦਰ ਪਰਉਪਕਾਰ ਦੀ ਭਾਵਨਾ ਜਗਾ ਕੇ ਰੋਗੀਆਂ ਅਤੇ ਲੋੜਵੰਦਾਂ ਦੀ ਸੇਵਾ ਨਾਲ ਜੋੜਿਆ। ਯਤੀਮਾਂ ਤੇ ਬੇਰੁਜ਼ਗਾਰਾਂ ਦੀ ਸਹਾਇਤਾ ਲਈ ਉਨ੍ਹਾਂ ਨੇ ਚੂਨਾ ਮੰਡੀ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੀ ਇਮਾਰਤ ਅਤੇ ਡੱਬੀ ਬਜ਼ਾਰ ਵਿਚ ਗੁਰਦੁਆਰਾ ਤੇ ਬਾਉਲੀ ਸਾਹਿਬ ਦੀ ਉਸਾਰੀ ਅਰੰਭ ਕਰਵਾ ਦਿੱਤੀ ਤਾਂ ਜੋ ਬੇਰੁਜ਼ਗਾਰਾਂ ਤੇ ਯਤੀਮਾਂ ਨੂੰ ਕਾਰ ਮਿਲ ਸਕੇ। ਉਨ੍ਹਾਂ ਗੁਰੂ-ਘਰ ਦੀ ਦਸਵੰਧ ਦੀ ਰਕਮ ਅਤੇ ਸੰਗਤਾਂ ਨੂੰ ਪ੍ਰੇਰ ਕੇ ਇਕੱਤਰ ਕੀਤੀਆਂ ਸਾਰੀਆਂ ਭੇਟਾਵਾਂ ਲੋਕਾਂ ਦੀ ਭਲਾਈ ਲਈ ਖਰਚ ਕਰ ਦਿੱਤੀਆਂ। ਗੁਰੂ ਸਾਹਿਬ ਦੇ ਇਨ੍ਹਾਂ ਸੇਵਾ-ਕਾਰਜਾਂ ਨੂੰ ਅਕਬਰ ਬਾਦਸ਼ਾਹ ਨੇ ਵੀ ਬੜਾ ਸਲਾਹਿਆ।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਾਬ ਦੇ ਪਿੰਡਾਂ ਵਿਚ ਸਿੱਖੀ ਦੀ ਸਿੱਖਿਆ ਫੈਲਾਉਣ ਦੇ ਨਾਲ ਅੱਗੋਂ ਵਾਸਤੇ ਔੜ ਦੇ ਨਾਲ ਨਜਿੱਠਣ ਲਈ ਕਿਸਾਨਾਂ ਵਿਚ ਜਾਗ੍ਰਤੀ ਲਿਆਉਣ ਲਈ ਖੇਤੀ ਲਈ ਖੂਹਾਂ ਦੇ ਲਗਵਾਉਣ ਵੱਲ ਉਚੇਚਾ ਧਿਆਨ ਦਿਵਾਉਂਦੇ ਰਹੇ। ਉਨ੍ਹਾਂ ਨੂੰ ਜਿੱਥੇ-ਜਿੱਥੇ ਵੀ ਲੋੜ ਜਾਪੀ, ਖੂਹ ਲਵਾਉਣ ਵਿਚ ਗੁਰੂ-ਘਰ ਲਈ ਇਕੱਤਰ ਹੋਏ ਦਸਵੰਧ ਵਿੱਚੋਂ ਵੀ ਮਦਦ ਕੀਤੀ। ਉਨ੍ਹਾਂ ਲੋਕਾਂ ਨੂੰ ਇਕ ਹਰਟੇ ਖੂਹ ਦੀ ਦੋ-ਹਰਟੇ, ਚਾਰ-ਹਰਟੇ, ਛੇ-ਹਰਟੇ ਖੂਹ ਲਗਵਾਉਣ ਲਈ ਪ੍ਰੇਰਨਾ ਦਿੱਤੀ ਤਾਂ ਜੋ ਇਕ ਖੂਹ ਤੋਂ ਵੱਧ ਖੂਹਾਂ ਦਾ ਕੰਮ ਲਿਆ ਜਾ ਸਕੇ। ਉਨ੍ਹਾਂ ਵਡਾਲੀ ਤੋਂ ਲਹਿੰਦੇ ਪਾਸੇ ਦੇ ਪਿੰਡ ਵਿਚ ਛੇ-ਹਰਟਾ ਖੂਹ ਲਗਵਾ ਕੇ ਇਹ ਉਦਾਹਰਨ ਸਭ ਦੇ ਸਾਹਮਣੇ ਰੱਖ ਦਿੱਤੀ। ਇਹ ਖੂਹ ਹੁਣ ਵੀ ਛੇਹਰਟਾ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਖੇ ਕਾਇਮ ਹੈ। ਗੁਰੂ ਸਾਹਿਬ ਸਭਨਾਂ ਨੂੰ ਇਸ਼ਨਾਨ ਕਰਕੇ ਸਵੱਛ ਹੋ ਕੇ ਭਜਨ-ਬੰਦਗੀ ਨਾਲ ਜੁੜਨ, ਸੱਚੀ-ਸੁੱਚੀ ਕਿਰਤ ਕਰਨ, ਪ੍ਰਕਿਰਤਿਕ ਸਮੱਸਿਆਵਾਂ ਲਈ ਅਗਾਊਂ ਬਾਨਣੂ ਬੰਨਣ, ਪਰਉਪਕਾਰ ਤੇ ਸੇਵਾ ਵਾਲਾ ਜੀਵਨ ਜਿਊਂਣ ਦਾ ਉਦੇਸ਼-ਉਪਦੇਸ਼ ਦ੍ਰਿੜ੍ਹ ਕਰਾਉਂਦੇ ਹੋਏ ਵਾਪਸ ਵਡਾਲੀ ਆ ਗਏ।

ਵਡਾਲੀ ਵਿਖੇ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਵੱਲੋਂ ਇੱਥੇ ਆ ਕੇ ਜ਼ੋਰ ਪਾਉਣ 'ਤੇ ਆਪ ਪਰਵਾਰ ਸਹਿਤ ਸ੍ਰੀ ਅੰਮ੍ਰਿਤਸਰ ਵਾਪਸ ਪਰਤ ਆਏ। ਗੁਰੂ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ ਨਾਲ ਗੁਰੂ-ਦਰਬਾਰ ਦੀਆਂ ਰੌਣਕਾਂ ਵਾਪਸ ਪਰਤ ਆਈਆਂ। ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਕੀਰਤਨ ਤੇ ਗੁਰ-ਬਚਨਾਂ ਦੀ ਕਥਾ-ਵਿਆਖਿਆ ਦੀ ਧੁਨੀ ਨਿਰੰਤਰ ਗੂੰਜਣੀ ਸ਼ੁਰੂ ਹੋ ਗਈ। ਸਭ ਪਾਸਿਓਂ ਆਉਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਆਪ ਜੀ ਨੇ ਗੁਰੂ-ਘਰ ਦੇ ਰਬਾਬੀਆਂ ਵੱਲੋਂ ਕੀਰਤਨ ਕਰਨ ਲਈ ਦਿੱਕਤਾਂ ਖੜੀਆਂ ਕਰਨ 'ਤੇ ਆਪ ਸਰੰਦਾ ਲੈ ਕੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਸੰਗਤਾਂ ਨੂੰ ਰਲ ਕੇ ਕੀਰਤਨ ਕਰਨ ਵਾਲੇ ਪਾਸੇ ਜੋੜਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਧਦੇ ਪ੍ਰਤਾਪ ਨੂੰ ਅਤੇ ਸਿੱਖੀ ਦੇ ਸਭ ਪਾਸੇ ਹੋ ਰਹੇ ਪ੍ਰਚਾਰ ਨੂੰ ਵੇਖ ਕੇ ਪ੍ਰਿਥੀ ਚੰਦ ਨੀਚ ਘਿਨੌਣੀਆਂ ਹਰਕਤਾਂ 'ਤੇ ਉਤਰ ਆਇਆ। ਗੁਰੂ-ਘਰ ਦਾ ਵਿਰੋਧ ਕਰਦਿਆਂ ਮੀਣਿਆਂ ਵੱਲੋਂ ਨਾਨਕ 'ਪਦ' ਵਰਤ ਕੇ ਆਪਣੀ ਨਕਲੀ ਬਾਣੀ ਦੀ ਰਚਨਾ ਕਰ ਕੇ ਗੁਰਬਾਣੀ ਵਿਚ ਰਲਾ ਪਾਉਣ ਦੀ ਸਾਜ਼ਿਸ਼ ਸ਼ੁਰੂ ਕਰ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੋਤਰੇ ਧਰਮ ਚੰਦ (ਬਾਬਾ ਲਖਮੀ ਦਾਸ ਜੀ ਦੇ ਬੇਟੇ) ਦੇ ਅਕਾਲ ਚਲਾਣੇ ਦੇ ਭੋਗ 'ਤੇ ਡੇਰਾ ਬਾਬਾ ਨਾਨਕ ਗਏ ਤਾਂ ਉੱਥੇ ਰਾਗੀਆਂ ਨੇ ਗੁਰਬਾਣੀ ਦੇ ਕੀਰਤਨ ਦੇ ਨਾਲ 'ਨਾਨਕ' ਪਦ ਹੇਠ ਰਚਿਤ ਮੀਣਿਆਂ ਦੀ ਕੱਚੀ ਬਾਣੀ ਦਾ ਵੀ ਗਾਇਨ ਕੀਤਾ। ਗੁਰੂ ਜੀ ਉਸ ਤੋਂ ਚੌਕਸ ਹੋ ਗਏ ਅਤੇ ਮੀਣਿਆਂ ਵੱਲੋਂ ਨਕਲੀ ਬਾਣੀ ਦੇ ਗੁਰਬਾਣੀ

ਵਿਚ ਪਾਏ ਜਾਣ ਵਾਲੇ ਰਲੇ ਨੂੰ ਰੋਕਣ ਤੇ ਗੁਰਬਾਣੀ ਦੀ ਸ਼ੁੱਧਤਾ ਤੇ ਪ੍ਰਮਾਣਿਕਤਾ ਨੂੰ ਸਥਾਪਿਤ ਕਰਨ ਲਈ ਗੁਰੂ ਸਾਹਿਬਾਨ, ਭਗਤ ਸਾਹਿਬਾਨ ਤੇ ਹੋਰ ਪ੍ਰਮਾਣਿਕ ਬਾਣੀ ਨੂੰ ਸੰਕਲਿਤ ਕਰ ਕੇ ਸਾਰੀ ਪ੍ਰਮਾਣਿਕ ਬਾਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕਰਨ ਦੀ ਯੋਜਨਾ ਸੋਚ ਲਈ ਤਾਂ ਜੋ ਸਦੀਵ ਵਾਸਤੇ ਸਿੱਖੀ ਦੀ ਅਗਵਾਈ ਲਈ ਗੁਰਬਾਣੀ ਦਾ ਇਕ ਪ੍ਰਮਾਣਿਕ ਧਰਮ ਗ੍ਰੰਥ ਤਿਆਰ ਹੋ ਜਾਏ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਿਆਰੀ ਵਾਸਤੇ ਸ੍ਰੀ ਰਾਮਸਰ (ਸ੍ਰੀ ਅੰਮ੍ਰਿਤਸਰ) ਦੇ ਇਕਾਂਤ ਸਥਾਨ ਨੂੰ ਚੁਣ ਕੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਵਿਦਵਾਨ ਗੁਰਸਿੱਖਾਂ ਨੂੰ ਭੇਜ ਕੇ ਜਿੱਥੇ-ਜਿੱਥੇ ਵੀ ਬਾਣੀ ਸੰਭਾਲੀ ਪਈ ਸੀ, ਉੱਥੋਂ ਮੰਗਵਾ ਲਈ। ਗੁਰੂ ਸਾਹਿਬਾਨ ਦੀਆਂ ਬਾਣੀਆਂ ਜੋ ਪੋਥੀਆਂ ਦੇ ਰੂਪ ਵਿਚ ਸੰਭਾਲੀਆਂ ਪਈਆਂ ਸਨ, ਉਹ ਬਾਣੀ ਗੁਰਿਆਈ ਦੇ ਸਮੇਂ ਉਨ੍ਹਾਂ ਨੂੰ ਸੌਂਪੀ ਗਈ ਹੋਈ ਸੀ, ਉਹ ਉਨ੍ਹਾਂ ਪਾਸ ਮੌਜੂਦ ਸੀ । ਆਪ ਜੀ ਬਚਪਨ ਤੋਂ ਹੀ ਗੁਰਬਾਣੀ ਦੇ ਨਾਲ ਜੁੜੇ ਹੋਏ ਸਨ। ਆਪ ਜੀ ਨੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸਾਰੀ ਇਕੱਤਰ ਹੋਈ ਬਾਣੀ ਦੀ ਪੂਰੀ ਤਰ੍ਹਾਂ ਨਿਰਖ-ਪਰਖ ਕਰ ਕੇ ਸਾਰੀ ਪ੍ਰਮਾਣਿਕ ਬਾਣੀ ਇਕ ਥਾਂ ਸੰਭਾਲ ਕੇ ਇਕੱਤਰ ਕਰ ਲਈ। ਗੁਰੂ ਸਾਹਿਬ ਨੇ ਲਿਖਾਈ ਦੀ ਸੇਵਾ ਭਾਈ ਗੁਰਦਾਸ ਜੀ ਦੇ ਸਪੁਰਦ ਕੀਤੀ। ਸਾਰੀ ਬਾਣੀ ਗੁਰੂ ਜੀ ਆਪ ਲਿਖਵਾਉਂਦੇ ਸਨ ਤੇ ਭਾਈ ਗੁਰਦਾਸ ਜੀ ਲਿਖਦੇ ਸਨ। ਸਾਰੀ ਬਾਣੀ ਗੁਰਮੁਖੀ ਅੱਖਰਾਂ ਵਿਚ ਗੁਰੂ ਜੀ ਦੀ ਸੋਚੀ ਵਿਉਂਤ ਅਨੁਸਾਰ ਲਿਖੀ ਗਈ। ਸਾਰੀ ਬਾਣੀ ਨੂੰ ਰਚਨਾਕਾਰਾਂ, ਕਾਵਿ ਭੇਦਾਂ ਤੇ ਰਾਗਾਂ ਦੀ ਵਿਸ਼ੇਸ਼ ਤਰਤੀਬ ਵਿਚ ਲਿਖਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਜਾਣ 'ਤੇ ਜਿਲਦ ਬੰਨ੍ਹਵਾ ਕੇ ਇਸ ਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਏਕਮ ੧੬੬੧ ਸੰਮਤ (੧੬੦੪ ਈ:) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ ਗਿਆ ।

ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਥਾਪੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਲਾਹੀ ਬਾਣੀ ਇਤਨੀ ਵਿਗਿਆਨਕ ਤੇ ਬਰੀਕੀਆਂ ਸਹਿਤ ਸੰਪੂਰਣ ਰਾਗਮਈ ਤਰਤੀਬ ਵਿਚ ਹੈ, ਜਿਸ ਦੀ ਬਦੌਲਤ ਇਹ ਮਹਾਨ ਗ੍ਰੰਥ, ਸਿੱਖੀ ਦਾ ਇਹ ਧਾਰਮਿਕ ਗ੍ਰੰਥ ਸੰਸਾਰ ਦੇ ਸਭਧਾਰਮਿਕ ਗ੍ਰੰਥਾਂ ਦੇ ਖੇਤਰ ਵਿਚ ਇਕ ਲਾਸਾਨੀ ਸਥਾਨ ਰੱਖਦਾ ਹੈ। ਸਿੱਖੀ ਵਾਸਤੇ ਇਹ ਗ੍ਰੰਥ ਸਦੀਵ ਲਈ ਹਰ ਤਰ੍ਹਾਂ ਦੀ ਅਗਵਾਈ ਦੇਣ ਲਈ ਪ੍ਰਮਾਣਿਕ ਰਾਹ-ਦਿਸੇਰਾ ਹੈ। ਇਸ ਮਹਾਨ ਗ੍ਰੰਥ ਵਿਚ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਪਾਸੋਂ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਜੋਤੀ-ਜੋਤ ਸਮਾਉਣ ਤੋਂ ਪਹਿਲੇ ਇਸ ਪਾਵਨ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿ ਕੇ ਸਿੱਖੀ ਦੀ ਗੁਰਿਆਈ ਦਿੱਤੀ ਅਤੇ ਇਸ ਨੂੰ ਜ਼ਾਹਿਰਾ-ਜ਼ਹੂਰ ਗੁਰੂ ਥਾਪ ਕੇ ਸਦੀਵ ਲਈ ਸਿੱਖਾਂ ਨੂੰ ਇਸ ਦੇ ਲੜ ਲਗਾ ਦਿੱਤਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਧਾਰਮਿਕ ਇਸ਼ਟ ਗ੍ਰੰਥ ਹੋਣ ਦੇ ਨਾਲ ਹੀ ਜ਼ਾਹਿਰਾ-ਜ਼ਹੂਰ ਗੁਰੂ ਵੀ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉੱਦਮਾਂ ਸਦਕਾ ਸਿੱਖੀ ਨਾ ਕੇਵਲ ਪੰਜਾਬ ਦੇ ਸਭਨਾਂ ਇਲਾਕਿਆਂ ਵਿਚ, ਸਗੋਂ ਪੰਜਾਬ ਤੋਂ ਬਾਹਰ ਕਸ਼ਮੀਰ, ਕਾਬਲ, ਆਗਰਾ, ਮੱਧ ਭਾਰਤ, ਮਹਾਂਰਾਸ਼ਟਰ, ਗੁਜਰਾਤ ਦੇ ਦੂਰ-ਦੂਰ ਦੇ ਇਲਾਕਿਆਂ ਤਕ ਵੀ ਫੈਲ ਗਈ ਸੀ। ਭਾਈ ਗੁਰਦਾਸ ਜੀ ਨੇ ਆਪਣੀਆਂ ਰਚੀਆਂ ਵਾਰਾਂ ਵਿਚ ਗਿਆਰ੍ਹਵੀਂ ਵਾਰ ਦੀ ੧੮ਵੀਂ ਤੇ ੧੯ਵੀਂ ਪਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਿਆਰੇ ਸਿੱਖਾਂ ਦੇ ਨਾਮ, ੨੦ਵੀਂ ਪਉੜੀ ਵਿਚ ਸਿੱਖ ਨਾਮਾਵਲੀ, ੨੧ਵੀਂ ਪਉੜੀ ਵਿਚ ਸੁਲਤਾਨਪੁਰੀਏ ਸਿੱਖਾਂ, ੨੨ਵੀਂ ਪਉੜੀ ਵਿਚ ਮਸੰਦ ਸਿੱਖਾਂ, ੨੩ਵੀਂ ਪਉੜੀ ਵਿਚ ਅਤਿ ਸਨਮੁਖ ਸਿੱਖਾਂ, ੨੪ਵੀਂ ਪਉੜੀ ਵਿਚ ਪੰਜਾਬ ਦੇ ਸਿੱਖਾਂ, ੨੫ਵੀਂ ਪਉੜੀ ਵਿਚ ਲਾਹੌਰ, ਮੁਜੰਗੀ ਸੰਗਤ, ੨੬ਵੀਂ ਪਉੜੀ ਵਿਚ ਦੇਸ਼ਾਂਤਰੀ ਸੰਗਤ, ੨੭ਵੀਂ ਪਉੜੀ ਵਿਚ ਆਗਰੇ ਦੀ ਸੰਗਤ ਅਤੇ ੨੯ਵੀਂ ਪਉੜੀ ਵਿਚ ਹਜ਼ੂਰੀ ਸਿੱਖਾਂ ਬਾਰੇ ਸੰਕੇਤ ਰੂਪ ਵਿਚ ਜਾਣਕਾਰੀ ਦਿੱਤੀ ਹੈ। ਜਿਸ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਦੇ ਸਿੱਖੀ ਦੇ ਫੈਲਾਉ ਬਾਰੇ ਪਤਾ ਲੱਗਦਾ ਹੈ। ਸਿੱਖੀ ਦਾ ਪ੍ਰਤਾਪ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਫੈਲਣਾ ਸ਼ੁਰੂ ਹੋ ਗਿਆ ਸੀ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਯਤਨਾਂ ਸਦਕਾ ਸਿੱਖ ਸੰਗਤਾਂ ਦੀ ਗਿਣਤੀ ਵਿਚ ਬੜਾ ਵਾਧਾ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਵੀ ਪਹਿਲੇ ਸੰਗਤਾਂ ਸਥਾਪਿਤ ਸਨ, ਉਨ੍ਹਾਂ ਸਭ ਕੜੀਆਂ ਨੂੰ ਮਜ਼ਬੂਤ ਕਰ ਕੇ ਉਨ੍ਹਾਂ ਅੰਦਰ ਇਹ ਨਵੀਂ ਰੂਹ ਫੂਕ ਦਿੱਤੀ ।

ਆਪ ਜੀ ਦੇ ਸਿੱਖੀ ਦੇ ਪ੍ਰਚਾਰ ਤੇ ਫੈਲਾਉ ਸਦਕਾ ਸਿੱਖਾਂ ਦੀ ਗਿਣਤੀ ਜੋ ਹਜ਼ਾਰਾਂ ਵਿਚ ਸੀ, ਲੱਖਾਂ ਵਿਚ ਹੋ ਗਈ ਅਤੇ ਸੰਸਾਰ ਦੇ ਹਰ ਦੇਸ਼ ਵਿਚ ਸਿੱਖ ਫੈਲ ਗਏ ਸਨ।

ਜਦੋਂ ਅਕਬਰ ਬਾਦਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੁਣ ਕੇ ਅਤੇ ਗੁਰੂ ਜੀ ਨਾਲ ਸਿੱਖੀ ਬਾਰੇ ਬਚਨ-ਬਿਲਾਸ ਕਰ ਕੇ ਬੜਾ ਪ੍ਰਸੰਨ ਹੋਇਆ। ਉਸ ਨੇ ਗੁਰੂ-ਘਰ ਵਾਸਤੇ ਜਾਗੀਰ ਲਾਉਣੀ ਚਾਹੀ। ਪਰ ਗੁਰੂ ਜੀ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਗੁਰੂ-ਘਰ ਦੇ ਸਾਰੇ ਕਾਰਜ ਸੰਗਤਾਂ ਆਸਰੇ ਚਲਦੇ ਹਨ, ਸ਼ਾਹੀ ਜਾਗੀਰਾਂ ਨਾਲ ਨਹੀਂ। ਗੁਰੂ ਜੀ ਨੇ ਇਤਨਾ ਜ਼ਰੂਰ ਕੀਤਾ ਕਿ ਅਕਬਰ ਨੂੰ ਕਹਿ ਕੇ ਪੰਜਾਬ ਦੇ ਸੋਕੇ ਤੋਂ ਪੀੜ੍ਹਤ ਕਿਸਾਨਾਂ ਵਾਸਤੇ ਰਾਹਤ ਵਜੋਂ ਕੁਝ ਜ਼ਮੀਨ ਦਾ ਲਗਾਨ ਮੁਆਫ਼ ਕਰਵਾ ਦਿੱਤਾ। ਗੁਰੂ ਜੀ ਸਦਾ ਲੋਕਾਈ ਦੀ ਭਲਾਈ ਵਾਸਤੇ ਸੋਚਦੇ ਤੇ ਉਨ੍ਹਾਂ ਦੇ ਉਧਾਰ ਲਈ ਯਤਨਸ਼ੀਲ ਰਹਿੰਦੇ ਸਨ।

ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਤਖ਼ਤ 'ਤੇ ਬੈਠਾ। ਉਸ ਨੇ ਹਕੂਮਤ ਨੂੰ ਮਜ਼ਬੂਤੀ ਨਾਲ ਸੰਭਾਲਣ ਵਾਸਤੇ ਕੱਟੜ ਜਨੂੰਨੀ ਮੌਲਾਣਿਆਂ ਤੇ ਮੁਸਲਿਮ ਧਾਰਮਿਕ ਆਗੂਆਂ ਨਾਲ ਨਜ਼ਦੀਕੀ ਸਥਾਪਿਤ ਕਰ ਲਈ। ਅਕਬਰ ਬਾਦਸ਼ਾਹ ਧਾਰਮਿਕ ਤੌਰ 'ਤੇ ਸੁਲਹਕੁਲ ਹੋਣ ਕਰਕੇ ਕੱਟੜ ਨਹੀਂ ਸੀ। ਹੁਣ ਕੱਟੜ ਤੇ ਇਸਲਾਮੀ ਜਨੂੰਨ ਨਾਲ ਭਰੇ ਮੌਲਾਣਿਆਂ ਤੇ ਉਲਮਾਵਾਂ ਨੂੰ ਐਸਾ ਸ਼ਹਿਨਸ਼ਾਹ ਮਿਲ ਗਿਆ, ਜੋ ਇਸਲਾਮ ਦੇ ਜਬਰਨ ਫੈਲਾਉ ਲਈ ਉਨ੍ਹਾਂ ਦੇ ਇਸ਼ਾਰੇ 'ਤੇ ਚੱਲ ਸਕਦਾ ਸੀ। ਪੰਜਾਬ ਵਿਚ ਸਿੱਖ ਧਰਮ ਦੇ ਪ੍ਰਭਾਵ ਕਾਰਨ ਇਸਲਾਮ ਨੂੰ ਧੱਕਾ ਲੱਗਣਾ ਸ਼ੁਰੂ ਹੋ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖੀ ਦੇ ਪਚਾਰ ਕਾਰਨ ਸਿੱਖਾਂ ਦਾ ਸਭ ਪਾਸੇ ਬੜਾ ਵਾਧਾ ਹੋ ਰਿਹਾ ਸੀ। ਸਿੱਖੀ ਦੀ ਵਿਕਾਸ ਗਤੀ ਤੇਜ਼ ਹੋਣ ਨਾਲ ਇਸਲਾਮ ਨੂੰ ਕਾਫੀ ਢਾਹ ਲੱਗ ਰਹੀ ਸੀ। ਇਹ ਵੇਖ ਕੇ ਕੱਟੜ ਜਨੂੰਨੀ ਮੌਲਾਣੇ ਸਿੱਖੀ ਨਾਲ ਈਰਖਾ ਕਰਨ ਲੱਗ ਪਏ। ਨਕਸ਼ਬੰਦੀ ਇਸਲਾਮੀ ਫਿਰਕੇ ਦੇ ਹੱਠ-ਧਰਮੀ ਅਤੇ ਜਨੂੰਨੀ ਸ਼ੇਖ ਮੁਹੰਮਦ ਸਰਹੰਦੀ ਜੋ ਜਹਾਂਗੀਰ ਬਾਦਸ਼ਾਹ ਦੇ ਬਹੁਤ ਨੇੜੇ ਸੀ, ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਹਕੂਮਤ ਦੇ ਵਿਦਰੋਹੀ ਅਮੀਰ ਖੁਸਰੋ ਨੂੰ ਬਗਾਵਤ ਦੇ ਸਮੇਂ ਦੌਰਾਨ ਉਸ ਦੀ ਮਦਦ ਕਰਨ ਦੀ ਦਲੀਲ ਦੇ ਕੇ ਇਸ ਜ਼ੁਰਮ ਕਾਰਨ ਜਹਾਂਗੀਰ ਨੂੰ ਭੜਕਾ ਕੇ ਇਸਲਾਮੀ 'ਯਾਸਾ' ਕਾਨੂੰਨ ਦੇ ਤਹਿਤ ਮੌਤ ਦੀ ਸਜ਼ਾ ਦਾ ਫ਼ਰਮਾਨ ਜਾਰੀ ਕਰਵਾ ਦਿੱਤਾ। ਇਸ ਸ਼ਾਹੀ ਫ਼ਰਮਾਨ ਦੇ ਤਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਪਰੰਪਰਾ ਨੂੰ ਜਨਮ ਦਿੱਤਾ। ਆਪ ਜੀ ਨੇ ਸਿੱਖਾਂ ਨੂੰ ਆਪਣੇ ਧਰਮ ਦੇ ਅਕੀਦੇ ਨੂੰ ਸਲਾਮਤ ਰੱਖਣ ਵਾਸਤੇ ਜਾਨ ਕੁਰਬਾਨ ਕਰਨ ਦੀ ਸਿੱਖਿਆ ਗ੍ਰਹਿਣ ਕਰਵਾ ਦਿੱਤੀ। ਆਪ ਜੀ ਦੀ ਸ਼ਹੀਦੀ ਦੇ ਪਰਿਣਾਮ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਬੈਠ ਕੇ ਸਿੱਖੀ ਦੀ ਗੁਰਿਆਈ ਗੱਦੀ ਗ੍ਰਹਿਣ ਕਰ ਕੇ ਸਿੱਖੀ ਵਿਚ ਭਗਤੀ ਤੇ ਸ਼ਕਤੀ ਨੂੰ ਸੰਯੁਕਤ ਕਰਨ ਦੀ ਮਰਯਾਦਾ ਦੀ ਬੁਨਿਆਦ ਰੱਖ ਦਿੱਤੀ। ਇਸ ਦੇ ਨਾਲ ਹੀ ਸਿੱਖੀ ਵਿਚ ਭਾਉ-ਭਗਤੀ ਤੇ ਨਾਮ-ਸਿਮਰਨ ਦੇ ਅਭਿਆਸ ਦੇ ਨਾਲ ਬੀਰ ਰਸੀ ਗਤੀਵਿਧੀਆਂ ਦੀ ਪਰੰਪਰਾ ਵੀ ਸ਼ੁਰੂ ਹੋ ਗਈ।

**ਜੋੜ ਮੇਲਾ ਬਾਬਾ ਬੁੱਢਾ ਜੀ ਰਮਦਾਸ, 26 ਸਿਤੰਬਰ ਲਈ ਵਿਸ਼ੇਸ਼:**

# ਬਾਬਾ ਬੁੱਢਾ ਜੀ

ਸ. ਕਿਰਪਾਲ ਸਿੰਘ



ਗੁਰੂ-ਘਰ ਵਾਸਤੇ ਬਾਬਾ ਬੁੱਢਾ ਜੀ ਦੁਆਰਾ ਕੀਤੀ ਗਈ ਸੇਵਾ-ਘਾਲਣਾ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਬਾਬਾ ਬੁੱਢਾ ਜੀ ਨੂੰ ਛੇਵੀਂ ਪਾਤਸ਼ਾਹੀ ਤਕ ਗੁਰਗੱਦੀ ਤਿਲਕ ਦੀਆਂ ਰਸਮਾਂ ਅਦਾ ਕਰਨ ਦਾ ਅਹਿਮ ਅਤੇ ਵਡਮੁੱਲਾ ਕਾਰਜ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਗੱਲ ਤੋਂ ਹੀ ਅਸੀਂ ਉਨ੍ਹਾਂ ਦੇ ਗੁਰੂ-ਘਰ ਅਤੇ ਸਿੱਖਾਂ ਵਿਚ ਹੁੰਦੇ ਆਦਰ, ਮਾਣ-ਸਨਮਾਨ ਅਤੇ ਵਿਦਵਤਾ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਇਸ ਅਨੋਖੀ ਅਤੇ ਨਿਰਲੇਪ ਸ਼ਖ਼ਸੀਅਤ ਦੇ ਮਾਲਕ ਬਾਬਾ ਬੁੱਢਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਮਹਿਜ਼ ਸਬੱਬੀ ਨਹੀਂ ਮੰਨਿਆ ਜਾ ਸਕਦਾ। ਇਹ ਵਾਹਿਗੁਰੂ ਜੀ ਦੀ ਅਪਾਰ ਬਖ਼ਸ਼ਿਸ਼ ਦੁਆਰਾ ਹੀ ਸੰਭਵ ਹੋ ਸਕਿਆ ਸੀ। ਬਾਬਾ ਬੁੱਢਾ ਜੀ ਦਾ ਜਨਮ ਤਾਂ ਪਿੰਡ ਕੱਥੂਨੰਗਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੱਤ ਕੱਤਕ ਸੰਮਤ ੧੫੬੩ ਨੂੰ ਹੋਇਆ, ਸਮੇਂ ਅਤੇ ਕੁਦਰਤ ਨੇ ਐਸਾ ਸੰਜੋਗ ਬਣਾਇਆ ਕਿ ਬਾਬਾ ਜੀ ਦਾ ਪਰਵਾਰ ਕੱਥੂਨੰਗਲ ਛੱਡ ਕੇ ਦਰਿਆ ਰਾਵੀ ਦੇ ਕੰਢੇ ਰਮਦਾਸ ਨਾਂ ਦੇ ਪਿੰਡ ਦੀ ਜੂਹ ਵਿਚ ਆ ਕੇ ਵੱਸ ਗਿਆ। ਰਾਵੀ ਦਰਿਆ ਦੇ ਦੋਵਾਂ ਕੰਢਿਆਂ 'ਤੇ ਮੀਲਾਂ ਤਕ ਵਾਹੀਯੋਗ ਭੂਮੀ ਭਾਵੇਂ ਕਈ ਵਾਰ ਦਰਿਆ ਦੇ ਹੜ੍ਹਾਂ ਕਾਰਨ ਬਰਬਾਦ ਹੁੰਦੀ ਅਤੇ ਫਿਰ ਆਬਾਦ ਹੁੰਦੀ ਸੀ ਪਰ ਇਥੋਂ ਦੇ ਲੋਕ ਜੋ ਬਹੁਤ ਵੱਡੇ ਜਿਗਰੇ ਵਾਲੇ ਸਨ, ਨੇ ਆਪਣੇ ਆਪ ਨੂੰ ਇਸ ਕੁਦਰਤੀ ਆਫਤ ਨੂੰ ਝੱਲਣ ਦੇ ਯੋਗ ਬਣਾ ਲਿਆ ਹੋਇਆ ਸੀ। ਦਰਿਆ ਰਾਵੀ ਦਾ ਆਲਾ-ਦੁਆਲਾ ਜੰਗਲਾਂ ਅਤੇ ਕੁਦਰਤੀ ਝੀਲਾਂ ਨਾਲ ਭਰਪੂਰ ਸੀ ਅਤੇ ਦੂਰ-ਦੂਰ ਤਕ ਹਰੇ-ਭਰੇ ਘਾਹ ਅਤੇ ਜੜ੍ਹੀਆਂ-ਬੂਟੀਆਂ ਦੀਆਂ ਵੱਡੀਆਂ ਕੁਦਰਤੀ ਚਰਾਂਦਾਂ ਸਨ। ਇਸ ਕਰਕੇ ਆਲਾ-ਦੁਆਲਾ ਬਹੁਤ ਮਨਮੋਹਕ ਅਤੇ ਰਮਣੀਕ ਸੀ। ਅਜਿਹੇ ਅਸਥਾਨਾਂ 'ਤੇ ਕਾਦਰ ਦੀ ਕੁਦਰਤ ਕੁਝ ਜ਼ਿਆਦਾ ਹੀ ਮਿਹਰਬਾਨ ਹੁੰਦੀ ਹੈ। ਅਜਿਹੇ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਅਖੀਰੀ ਪੜਾਅ 'ਤੇ ਡੇਰੇ ਲਾਏ ਸੀ ਅਤੇ ਬਾਬਾ ਬੁੱਢਾ ਜੀ ਜਿਨ੍ਹਾਂ ਦਾ ਬਚਪਨ ਦਾ ਨਾਂ ਬੂੜਾ ਸੀ ਉਦੋਂ ਕੇਵਲ ਬਾਰ੍ਹਾਂ ਕੁ ਸਾਲਾਂ ਦੇ ਸਨ, ਦਾ ਮੇਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ।

ਸਿੱਖ ਪ੍ਰੰਪਰਾਵਾਂ ਅਨੁਸਾਰ ਇਸ ਰਮਣੀਕ ਸਥਾਨ ਵੱਲ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲਾ ਜੀ ਨਾਲ ਅਕਸਰ ਵਿਚਰਦੇ ਹੁੰਦੇ ਸਨ ਅਤੇ ਆਸ-ਪਾਸ ਬਾਲਕ ਬੂੜਾ ਜੀ ਆਪਣੇ ਸਾਥੀਆਂ ਨਾਲ ਮੱਝਾਂ ਚਰਾਇਆ ਕਰਦੇ ਸਨ। ਇਕ ਦਿਨ ਬੱਚਿਆਂ ਦੀ ਨਿਗਾਹ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਗਈ ਤਾਂ ਉਹ ਸਾਰੇ ਆਪਣੇ ਆਪ ਗੁਰੂ ਜੀ ਵੱਲ ਖਿੱਚੇ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੱਚਿਆਂ ਦਰਮਿਆਨ ਸਰਸਰੀ ਗੱਲਬਾਤ ਹੋਈ ਜਿਸ ਦੌਰਾਨ ਬੂੜਾ ਜੀ ਦੀਆਂ ਸਿੱਧੀਆਂ-ਸਾਦੀਆਂ ਪਰ ਗੰਭੀਰ ਮਤਲਬ ਵਾਲੀਆਂ ਗੱਲਾਂ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਕਿ ਭਾਵੇਂ ਇਸ ਬਾਲਕ ਦੀ ਉਮਰ ਛੋਟੀ ਹੈ ਪਰ ਸਮਝ ਕਰਕੇ ਇਹ ਬੁੱਢਾ (ਬ੍ਰਿਧ) ਹੈ। ਇਸੇ ਦਿਨ ਤੋਂ ਬੂੜਾ ਜੀ ਦਾ ਨਾਂ ਬਾਬਾ ਬੁੱਢਾ ਰੱਖਿਆ ਗਿਆ ਜੋ ਕੁਝ ਸਮਾਂ ਪਾ ਕੇ ਪ੍ਰਸਿੱਧ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪਾਰਖੂ ਨਜ਼ਰਾਂ ਨੇ ਭਵਿੱਖ ਲਈ

ਕੁਝ ਲੱਭ ਲਿਆ ਸੀ ਅਤੇ ਬਾਬਾ ਬੁੱਢਾ ਜੀ ਨੂੰ ਬਚਪਨ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਸਿੱਖ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ।

ਆਪਣੇ ਜੀਵਨ ਦੀ ਸਾਦੀ ਰਹਿਣੀ-ਬਹਿਣੀ ਅਤੇ ਆਪਣੀ ਸੇਵਾ ਭਾਵਨਾ ਸਦਕਾ ਬਾਬਾ ਬੁੱਢਾ ਜੀ ਛੋਟੀ ਉਮਰ ਵਿਚ ਹੀ ਗੁਰੂ-ਘਰ ਵਿਚ ਛੇਤੀ ਹੀ ਸਾਰਿਆਂ ਦੇ ਜਾਣੇ ਪਛਾਣੇ ਹੋ ਗਏ। ਆਪ ਹਰ ਵੇਲੇ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਰਹਿੰਦੇ। ਇਨ੍ਹੀਂ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਧਰਮਸਾਲਾ ਬਣਵਾਉਣੀ ਸ਼ੁਰੂ ਕੀਤੀ ਹੋਈ ਸੀ। ਬਾਬਾ ਬੁੱਢਾ ਜੀ ਸਭ ਤੋਂ ਅੱਗੇ ਹੋ ਕੇ ਕਾਰ-ਸੇਵਾ ਵਿਚ ਹਿੱਸਾ ਲੈਂਦੇ ਅਤੇ ਨਾਮ-ਸਿਮਰਨ ਵਿਚ ਵੀ ਦਿਨੋ-ਦਿਨ ਨਿਪੁੰਨ ਹੁੰਦੇ ਗਏ। ਬਾਬਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਜਲਦੀ ਹੀ ਕੰਠ ਕਰ ਲਿਆ। ਆਪ ਵੀ ਜਪਦੇ ਅਤੇ ਦੂਜਿਆਂ ਨੂੰ ਵੀ ਜਪਾਉਂਦੇ। ਇੰਜ ਇਕ ਸਿੱਧੇ-ਸਾਦੇ ਕਿਰਸਾਨੀ ਪਰਵਾਰ ਵਿੱਚੋਂ ਆ ਕੇ ਬਾਬਾ ਬੁੱਢਾ ਜੀ ਰਿਸ਼ੀਆਂ-ਮੁਨੀਆਂ ਵਾਂਗ ਰੱਬੀ ਗਿਆਨ ਨਾਲ ਭਰਪੂਰ ਹੋ ਕੇ ਬ੍ਰਹਮ ਗਿਆਨੀ ਬਣ ਗਏ।

ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਤੋਂ ਆਗਿਆ ਲੈ ਕੇ ਗ੍ਰਿਹਸਤ ਧਰਮ ਵਿਚ ਪ੍ਰਵੇਸ਼ ਕੀਤਾ। ਆਪ ਜੀ ਦਾ ਵਿਆਹ ਬੀਬੀ ਮਿਰੋਆਂ ਨਾਲ ਅੱਚਲ ਪਿੰਡ ਵਿਖੇ ਹੋਇਆ ਅਤੇ ਬਰਾਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਲਖਮੀ ਚੰਦ ਜੀ ਸ਼ਾਮਲ ਸਨ ਅਤੇ ਵਿਆਹ ਵਿਚ ਮਾਤਾ ਸੁਲੱਖਣੀ ਜੀ ਨੇ ਸ਼ਿਰਕਤ ਕਰ ਕੇ ਬਾਬਾ ਜੀ ਨੂੰ ਆਸ਼ੀਰਵਾਦ ਦਿੱਤੀ। ਵਿਆਹ ਤੋਂ ਬਾਅਦ ਬਾਬਾ ਬੁੱਢਾ ਜੀ ਕੁਝ ਸਮਾਂ ਰਮਦਾਸ ਰਹਿ ਕੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਸਮੇਤ ਪਰਵਾਰ ਕਰਤਾਰਪੁਰ ਆ ਗਏ। ਇਥੇ ਬਾਬਾ ਜੀ ਸਾਰਾ ਦਿਨ ਗੁਰੂ-ਘਰ ਦੀ ਸੇਵਾ ਵਿਚ ਲੱਗੇ ਰਹਿੰਦੇ। ਆਪ ਗ੍ਰਿਹਸਤੀ ਜੀਵਨ ਬਤੀਤ ਕਰਦੇ ਹੋਏ, ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਕਮਲ ਦੇ ਫੁੱਲ ਵਾਂਗ ਖਿੜੇ-ਮੱਥੇ ਗੁਰੂ-ਘਰ ਦੀ ਸੇਵਾ ਲਈ ਵੀ ਤਤਪਰ ਰਹਿੰਦੇ ਸਨ। ਐਸੀ ਸਿੱਖੀ-ਸੇਵਕੀ ਕਰਕੇ ਹੀ ਖੁਦ ਗੁਰੂ ਸਾਹਿਬਾਨ ਜੀ ਵੀ ਆਪ ਨੂੰ "ਬਾਬਾ ਜੀ" ਕਹਿ ਕੇ ਪੁਕਾਰਦੇ ਸਨ।

ਗੁਰੂ ਸਾਖੀਆਂ ਅਤੇ ਸਿੱਖ ਰਿਵਾਇਤਾਂ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅਖੀਰੀ ਸਮਾਂ ਨੇੜੇ ਜਾਣ ਕੇ ਸਿੱਖ ਧਰਮ ਦੀ ਵਾਗਡੋਰ ਕਿਸੇ ਯੋਗ ਸਿੱਖ ਦੇ ਹੱਥ ਪਕੜਾਉਣ ਦਾ ਨਿਸ਼ਚਾ ਕੀਤਾ ਤਾਂ ਉਨ੍ਹਾਂ ਨੇ ਆਪਣੇ ਸਿੱਖਾਂ ਦੀ ਪ੍ਰੀਖਿਆ ਲਈ ਅਤੇ ਇਸ ਦੌਰਾਨ ਸਾਰੀਆਂ ਪ੍ਰੀਖਿਆਵਾਂ ਵਿਚ ਬਾਬਾ ਬੁੱਢਾ ਜੀ ਕਿਸੇ ਨਾ ਕਿਸੇ ਤਰ੍ਹਾਂ ਸ਼ਾਮਿਲ ਹੁੰਦੇ ਸਨ। ਇਸ ਸਮੇਂ ਉਨ੍ਹਾਂ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਹੀ ਸਮਰਪਿਤ ਰੱਖਿਆ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਸਭ ਤੋਂ ਵੱਧ ਯੋਗ ਸਮਝਿਆ ਤਾਂ ਉਨ੍ਹਾਂ ਨੇ ੧੭ ਹਾੜ ਸੰਮਤ ੧੫੯੬ ਮੁਤਾਬਕ ੧੪ ਜੂਨ ਸੰਨ ੧੫੩੯ ਨੂੰ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਅਤੇ ਨਰੇਲ ਰੱਖ ਕੇ ਬਾਬਾ ਬੁੱਢਾ ਜੀ ਪਾਸੋਂ ਤਿਲਕ ਦੀ ਮਰਯਾਦਾ ਕਰਵਾਈ ਅਤੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨਾਮ ਨਾਲ ਪੁਕਾਰਿਆ। ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਲਿਖਦੇ ਹਨ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। (ਵਾਰ ੧:੪੫)

ਇਸ ਰਸਮ ਤੋਂ ਬਾਅਦ ਬਾਬਾ ਬੁੱਢਾ ਜੀ ਨੇ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਈ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਸਿੱਖ ਸੰਗਤ ਨੂੰ ਹੁਕਮ ਕੀਤਾ ਕਿ 'ਅੱਜ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੇਰੀ ਥਾਂ ਸਮਝੋ, ਇਹ ਗੁਰੂ ਹਨ, ਮੇਰੀ ਜੋਤਿ ਇਨ੍ਹਾਂ ਵਿਚ ਸਮਾ ਗਈ ਹੈ।' ਗੁਰੂ ਸਾਹਿਬ ਜੀ ਦੇ ਇਸ ਹੁਕਮ ਅਤੇ ਰਮਜ਼ ਨੂੰ ਉਨ੍ਹਾਂ ਦਾ ਪਰਵਾਰ ਸਮਝ ਨਾ ਸਕਿਆ ਪਰ ਬਾਬਾ ਬੁੱਢਾ ਜੀ ਨੇ ਪਾਸਬਾਨ ਬਣ ਕੇ ਇਨ੍ਹਾਂ ਬਚਨਾਂ 'ਤੇ ਪਹਿਰਾ ਦਿੱਤਾ ਅਤੇ ਦੁਬਿਧਾ ਦੂਰ ਕਰਨ ਵਿਚ ਵੱਡਾ ਯੋਗਦਾਨ ਪਾਇਆ ਅਤੇ ਇਸ ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵੀ ਅਗਿਆਤਵਾਸ (ਮਾਈ ਭਿਰਾਈ ਦੇ ਨਿਵਾਸ) ਵਿੱਚੋਂ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਤਿਆਰ ਕੀਤਾ।

ਆਪ ਜੀ ਨੇ ਇਕ ਨਿਮਾਣੇ ਸੇਵਕ ਵਾਂਗ ਗੁਰੂ-ਘਰ ਦੀ ਸੇਵਾ ਕੀਤੀ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਪ੍ਰਮੁੱਖ ਸਲਾਹਕਾਰ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ।

ਇਤਨਾ ਉੱਚਾ ਦਰਜਾ ਪਾ ਕੇ ਵੀ ਆਪ ਹਮੇਸ਼ਾਂ ਸਹਿਜ ਅਤੇ ਸਰਲ ਸੁਭਾਅ ਵਿਚ ਹੀ ਰਹੇ। ਆਪ ਜੀ ਦੀ ਸਿਫ਼ਤ ਸ਼ਬਦਾਂ ਵਿਚ ਉਤਾਰੀ ਨਹੀਂ ਜਾ ਸਕਦੀ ਅਤੇ ਭਾਈ ਗੁਰਦਾਸ ਜੀ ਦੁਆਰਾ ਵੀਂ ਵਾਰ ਵਿਚ ਅੰਕਿਤ ਅਖੀਰਲੀਆਂ

**20 ਸਤੰਬਰ ਨੂੰ ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ ਤੇ ਵਿਸ਼ੇਸ਼:**

# ਭਾਈ ਘਨੱਈਆ ਜੀ

ਪ੍ਰਿੰ. ਤੇਜਾ ਸਿੰਘ



ਬਹੁਤ ਚਿਰ ਤਕ ਸਿੱਖ ਗੁਰੂ ਸਾਹਿਬਾਨ ਸ਼ਾਂਤਮਈ ਜੀਵਨ ਬਤੀਤ ਕਰਦੇ ਰਹੇ। ਗੁਰਬਾਣੀ ਰਾਹੀਂ ਅਕਾਲ ਪੁਰਖ ਦੀ ਉਸਤਤੀ ਤੇ ਸ਼ਬਦ ਗਾਇਨ ਕਰਨੇ ਅਤੇ ਸੰਗਤਾਂ ਦੀ ਸੇਵਾ ਕਰਨੀ, ਇਹੀ ਉਨ੍ਹਾਂ ਦੀ ਨਿਤ-ਕ੍ਰਿਆ ਸੀ। ਲੋੜਵੰਦਾਂ ਨੂੰ ਭੋਜਨ ਖੁਆਉਣਾ, ਸਿੱਖ ਸੰਗਤਾਂ ਨੂੰ ਉਪਦੇਸ਼ ਦੇਣਾ ਅਤੇ ਈਸ਼ਵਰ ਦੀ ਅਰਾਧਨਾ ਕਰਨੀ ਇਹ ਉਨ੍ਹਾਂ ਦੇ ਜੀਵਨ ਦੇ ਸਭ ਤੋਂ ਵੱਧ ਖੁਸ਼ੀ ਦੇਣ ਵਾਲੇ ਸਾਧਨ ਸਨ। ਉਨ੍ਹਾਂ ਲਈ ਭਗਤੀ ਕਰਨੀ ਸਭ ਤੋਂ ਉੱਤਮ ਕਰਮ ਸੀ, ਪਰੰਤੂ ਇੱਕ ਸਮਾਂ ਅਜਿਹਾ ਆਇਆ, ਜਦੋਂ ਇਨ੍ਹਾਂ ਮਹਾਂਪੁਰਖਾਂ ਨੂੰ ਲੜਨਾ ਵੀ ਪਿਆ। ਸਿੱਖ ਅਜੇ ਵੀ ਸ਼ਬਦ-ਕੀਰਤਨ ਅਤੇ ਸੇਵਾ ਕਰਨ ਵਿਚ ਖੁਸ਼ੀ ਪ੍ਰਾਪਤ ਕਰਦੇ ਸਨ, ਪਰੰਤੂ ਮਜ਼ਲੂਮਾਂ ਦੀ ਰੱਖਿਆ ਲਈ ਕਈ ਵਾਰੀ, ਮੈਦਾਨ-ਏ-ਜੰਗ ਵਿਚ ਸ਼ਹੀਦੀ ਵੀ ਪ੍ਰਾਪਤ ਕਰਨੀ ਹੁੰਦੀ ਸੀ। ਇਹ ਸਾਰਾ ਕੁਝ ਕਿਵੇਂ ਹੋਇਆ? ਇਹ ਸੰਤ-ਸਿਪਾਹੀ ਕਿਵੇਂ ਬਣ ਗਏ?

ਦਿੱਲੀ ਦੇ ਬਾਦਸ਼ਾਹ ਨੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਬਹੁਤ ਤਸੀਹੇ ਦਿੱਤੇ, ਅੰਤ ਉਨ੍ਹਾਂ ਨੂੰ ਸ਼ਹੀਦ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮੇਂ ਦੀ ਹਕੂਮਤ ਨੇ ਬਹੁਤ ਤਕਲੀਫ਼ਾਂ ਦਿੱਤੀਆਂ ਅਤੇ ਉਨ੍ਹਾਂ ਨੇ ਧਰਮ ਦੀ ਖਾਤਰ ਆਪਣਾ ਸੀਸ ਦੇ ਦਿੱਤਾ। ਇਨ੍ਹਾਂ ਸਾਰੀਆਂ ਘਟਨਾਵਾਂ ਦਾ ਇਹ ਅਸਰ ਹੋਇਆ ਕਿ ਸਿੱਖਾਂ ਨੇ ਸੋਚਿਆ ਕਿ ਜੇ ਉਹ ਜੀਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਜ਼ਰੂਰ ਜੰਗ-ਜੂ ਬਣਨਾ ਪਵੇਗਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖਾਂ ਨੇ ਤਲਵਾਰ ਚਲਾਉਣੀ, ਤੀਰ-ਅੰਦਾਜ਼ੀ, ਜੰਗ ਵਿਚ ਜਾ ਕੇ ਦੁਸ਼ਮਣ ਨਾਲ ਲੜਨਾ ਸਿੱਖ ਲਿਆ ਸੀ। ਉਸ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰੱਖਿਆ ਲਈ ਸਿੱਖਾਂ ਦੀ ਕਮਾਨ ਆਪਣੇ ਹੱਥਾਂ ਵਿਚ ਲਈ। ਉਹ ਇੱਕ ਅਨੋਖੇ ਵਿਅਕਤੀ ਸਨ। ਉਹ ਬਹਾਦਰੀ ਅਤੇ ਪਵਿੱਤਰਤਾ ਲਈ ਪ੍ਰਸਿੱਧ ਸਨ। ਉਹ ਬੜੇ ਬਲਵਾਨ ਅਤੇ ਸੁੰਦਰ ਸਨ। ਉਹ ਨੀਲੇ ਘੋੜੇ ਉੱਤੇ ਸੁਨਹਿਰੀ ਕਾਠੀ ਪਾ ਕੇ ਚੜ੍ਹਦੇ ਹੁੰਦੇ ਸਨ। ਉਨ੍ਹਾਂ ਦੀ ਦਸਤਾਰ ਉੱਤੇ ਹੀਰਿਆਂ ਜੜੀ ਕਲਗੀ ਲੱਗੀ ਹੁੰਦੀ ਸੀ। ਉਹ ਹਰੇ ਰੰਗ ਦੀ ਕਮਾਨ ਸਜਾਈ ਰੱਖਦੇ ਸਨ। ਉਨਾਂ ਦੀ ਕਮਰ ਦੀ ਪੇਟੀ ਨਾਲ ਸਦਾ ਤੇਜ ਧਾਰ ਦੀ ਤਲਵਾਰ ਲਟਕੀ ਰਹਿੰਦੀ ਸੀ। ਉਨ੍ਹਾਂ ਦੇ ਹੱਥ ਉੱਤੇ ਇਕ ਖ਼ੂੰਖਾਰ ਬਾਜ਼ ਬੈਠਾ ਹੁੰਦਾ ਸੀ।

ਜਿਹੜਾ ਵੀ ਗੁਰੂ ਜੀ ਦੇ ਦਰਸ਼ਨ ਕਰਦਾ ਸੀ, ਉਹ ਗੁਰੂ ਜੀ ਵਾਂਗੂੰ ਬਹਾਦਰ ਅਤੇ ਪਵਿੱਤਰ ਬਣਨਾ ਚਾਹੁੰਦਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਚਾਰੇ ਪਾਸਿਆਂ ਤੋਂ ਸਿੱਖ ਉਨ੍ਹਾਂ ਲਈ ਜਾਨ ਦੇਣ ਨੂੰ ਤਿਆਰ ਹੋ ਕੇ ਆਉਂਦੇ। ਇਹ ਸਿੱਖ ਆਮ ਸਿਪਾਹੀਆਂ ਵਾਂਗੂੰ ਨਹੀਂ ਹੁੰਦੇ ਸਨ। ਇਹ ਜ਼ਾਲਮ ਨਹੀਂ ਸਨ, ਨਾ ਹੀ ਕਿਸੇ ਦੀ ਜਾਨ ਲੈਣ ਲਈ ਉਨ੍ਹਾਂ ਨੂੰ ਖੁਸ਼ੀ ਹੁੰਦੀ ਸੀ। ਜੇ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਦਾ ਹਾਲ ਪੜੀਏ ਤਾਂ ਸਾਨੂੰ ਬਹਾਦਰੀ ਅਤੇ ਦਰਿਆ-ਦਿਲੀ ਦੇ ਕਈ ਕਾਰਨਾਮੇ ਮਿਲਣਗੇ।

ਉਨ੍ਹਾਂ ਵਿੱਚੋਂ ਇਕ ਕਾਰਨਾਮੇ ਦਾ ਹਾਲ ਅਸੀਂ ਇੱਥੇ ਦੱਸਾਂਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਦੇ

ਕਿਲ੍ਹੇ ਨੂੰ ਦੁਸ਼ਮਣਾਂ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ ਸੀ। ਦੁਸ਼ਮਣਾਂ ਨੇ ਇਨ੍ਹਾਂ ਨੂੰ ਕਿਲ੍ਹੇ ਵਿੱਚੋਂ ਕੱਢਣ ਦੀ ਠਾਣ ਲਈ। ਪਰੰਤੂ ਗੁਰੂ ਜੀ ਡੱਟ ਕੇ ਬਹਾਦਰੀ ਨਾਲ ਲੜੇ। ਦੁਸ਼ਮਣਾਂ ਨੂੰ ਸਮਝ ਆ ਗਈ ਕਿ ਕਿਲ੍ਹੇ ਵਿੱਚੋਂ ਕੱਢਣਾ ਕੋਈ ਸੌਖਾ ਨਹੀਂ। ਜੰਗ ਦੇ ਸਮੇਂ, ਇਕ ਸਿੱਖ ਯੁੱਧ-ਭੂਮੀ ਵਿਚ ਇਧਰ-ਉੱਧਰ ਫਿਰਦਾ ਦਿਖਾਈ ਦਿੱਤਾ। ਉਸ ਦਾ ਨਾਮ ਭਾਈ ਘਨੱਈਆ ਸੀ। ਉਹ ਫੌਜੀ ਸਿਪਾਹੀ ਨਹੀਂ ਸੀ, ਫਿਰ ਵੀ ਗੁਰੂ ਜੀ ਦੀ ਸੇਵਾ ਕਰਨੀ ਚਾਹੁੰਦਾ ਸੀ। ਉਸ ਨੇ ਸੋਚਿਆ, "ਮੈਂ ਯੁੱਧ-ਭੂਮੀ ਵਿਚ ਫੱਟੜ ਸਿਪਾਹੀਆਂ ਨੂੰ ਪਾਣੀ ਪਿਆਵਾਂਗਾ। ਇਉਂ ਮੈਂ ਗੁਰੂ ਜੀ ਦੀ ਕੁਝ ਕੁ ਸੇਵਾ ਕਰ ਸਕਾਂਗਾ।" ਇਹ ਸੋਚ ਕੇ ਉਹ ਸਿਪਾਹੀਆਂ ਵਿਚ ਨਿਧੜਕ ਹੋ ਕੇ ਤੁਰਨ-ਫਿਰਨ ਲੱਗਾ। ਤੀਰ ਅਤੇ ਤਲਵਾਰਾਂ ਚੱਲ ਰਹੀਆਂ ਸਨ ਪਰ ਭਾਈ ਘਨੱਈਆ ਜੀ ਨੂੰ ਕੋਈ ਡਰ ਨਹੀਂ ਸੀ। ਉਹ ਸਿਸਕ ਰਹੇ ਸਿਪਾਹੀਆਂ ਦੇ ਮੂੰਹ ਵਿਚ ਪਾਣੀ ਪਾਈ ਜਾਂਦਾ ਸੀ। ਉਹ ਥੱਕੇ, ਫੱਟੜ ਅਤੇ ਬੇ-ਆਸਰੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ। ਉਹ ਉਨ੍ਹਾਂ ਦੀ ਸੇਵਾ ਕਰ ਕੇ ਉਨ੍ਹਾਂ ਨੂੰ ਫਿਰ ਲੜਨ ਲਈ ਤਿਆਰ ਕਰ ਦਿੰਦਾ। ਪਰ ਕੀ ਤੁਸੀਂ ਸਮਝਦੇ ਹੋ, ਉਹ ਕੇਵਲ ਸਿੱਖ ਸਿਪਾਹੀਆਂ ਨੂੰ ਹੀ ਪਾਣੀ ਪਿਆਉਂਦਾ ਸੀ? ਨਹੀਂ, ਉਹ ਤਾਂ ਸਾਰਿਆਂ ਨੂੰ ਪਾਣੀ ਪਿਆਉਂਦਾ ਸੀ, ਮੁਸਲਮਾਨਾਂ ਨੂੰ ਵੀ ਅਤੇ ਸਿੱਖਾਂ ਨੂੰ ਵੀ। ਕੁਝ ਸਿੱਖਾਂ ਨੇ ਗੁਰੂ ਜੀ ਪਾਸ ਸ਼ਿਕਾਇਤ ਕੀਤੀ ਕਿ ਭਾਈ ਘਨੱਈਆ ਦੁਸ਼ਮਣਾਂ ਨੂੰ ਵੀ ਪਾਣੀ ਪਿਆਉਂਦਾ ਹੈ। "ਮੁਸਲਮਾਨ ਸਾਡੇ ਦੁਸ਼ਮਣ ਹਨ, ਅਸੀਂ ਉਨ੍ਹਾਂ ਨੂੰ ਹਰਾਉਣਾ ਚਾਹੁੰਦੇ ਹਾਂ ਪਰੰਤੂ ਇਹ ਬਿਰਧ ਸਿੱਖ ਪਾਣੀ ਪਿਆ ਕੇ ਉਨ੍ਹਾਂ ਨੂੰ ਜੀਵਾਈ ਜਾਂਦਾ ਹੈ।" ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਬੁਲਾਇਆ। ਉਨ੍ਹਾਂ ਨੂੰ ਪੁੱਛਿਆ, "ਭਾਈ ਸਾਹਿਬ! ਕੀ ਇਹ ਸੱਚ ਹੈ ਕਿ ਤੁਸੀਂ ਹਜ਼ਾਰਾਂ ਮੁਸਲਮਾਨ ਸਿਪਾਹੀਆਂ ਨੂੰ ਪਾਣੀ ਪਿਆਂਦੇ ਰਹੇ ਹੋ?"

"ਸੱਚੇ ਪਾਤਸ਼ਾਹ! ਇਹ ਸੱਚ ਹੈ।" ਭਾਈ ਘਨੱਈਆ ਜੀ ਨੇ ਕਿਹਾ ਕਿ, "ਮੈਂ ਮੁਸਲਮਾਨਾਂ ਅਤੇ ਸਿੱਖਾਂ ਸਾਰਿਆਂ ਨੂੰ ਪਾਣੀ ਪਿਆਉਂਦਾ ਰਿਹਾ ਹਾਂ ਅਤੇ ਅਜਿਹਾ ਕਰ ਕੇ ਮੈਂ ਕੇਵਲ ਆਪ ਜੀ ਦੀ ਸਿੱਖਿਆ ਦਾ ਪਾਲਣ ਕਰਦਾ ਰਿਹਾ ਹਾਂ। ਆਪ ਜੀ ਹੀ ਸਾਨੂੰ ਉਪਦੇਸ਼ ਦਿਆ ਕਰਦੇ ਹੋ ਕਿ ਮਾਨਵ ਕੀ ਜਾਤ ਸਾਰੀ ਇੱਕ ਹੈ ਅਤੇ ਸਾਨੂੰ ਸਭ ਨੂੰ ਸਮਾਨ ਸਮਝਣਾ ਚਾਹੀਦਾ।"

ਗੁਰੂ ਜੀ ਨੇ ਇਹ ਸੁਣਿਆ ਤੇ ਇਸ 'ਤੇ ਵਿਚਾਰ ਕੀਤਾ। ਇਹ ਬਿਲਕੁਲ ਸੱਚ ਸੀ ਅਤੇ ਭਾਈ ਘਨੱਈਆ ਜੀ ਬਿਲਕੁਲ ਠੀਕ ਕਰਦੇ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਅਤੇ ਕਿਹਾ, "ਆਪ ਬਹੁਤ ਧਰਮੀ ਮਨੁੱਖ ਹੋ, ਆਪ ਆਪਣਾ ਉੱਤਮ ਕੰਮ ਕਰਦੇ ਜਾਉ।"

# ਕੌਮ ਦਾ ਜੀਵਨ

ਗਿਆਨੀ ਦਿੱਤ ਸਿੰਘ

ਪਿਆਰੇ ਪਾਠਕ ਇਨ੍ਹਾਂ ਮਜ਼ਮੂਨਾਂ ਨੂੰ ਦਿਲ ਲਾ ਕੇ ਵਿਚਾਰਨਗੇ ਤਾਂ ਜ਼ਰੂਰ ਇਹ ਖ਼ਿਆਲ ਕਰਨਗੇ ਕਿ ਖ਼ਾਲਸਾ ਅਖ਼ਬਾਰ ਦੀ ਪੁਕਾਰ ਕੋਈ ਅਨਥਾਂ ਨਹੀਂ ਹੈ ਅਤੇ ਨਾਲ ਹੀ ਇਸ ਕੌਮ ਦੇ ਜ਼ਿੰਦਾ ਰੱਖਨੇ ਵਾਲੇ ਅਸੂਲਾਂ ਦਾ ਧਾਰਨ ਕਰਨਗੇ।

ਸੰਸਾਰ ਦੀ ਹਰ ਇਕ ਛੋਟੀ ਅਤੇ ਵੱਡੀ ਵਸਤੂ ਸਾਨੂੰ ਇਹ ਉਪਦੇਸ਼ ਕਰ ਰਹੀ ਹੈ ਕਿ ਜੋ ਤੁਸੀਂ ਸਦਾ ਦੀ ਜ਼ਿੰਦਗੀ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਦੇ ਸਹਾਰੇ ਨਾਲ ਅਪਨਾ ਜੀਵਨ ਨਾ ਸਮਝੋ ਕਿੰਤੂ ਅਪਨੇ ਆਪ ਸੁਤੰਤਰ ਹੋ ਕੇ ਸੰਸਾਰ ਪਰ ਆਪ ਨੂੰ ਸਮਰੱਥਾਵਾਨ ਕਰੋ, ਜਦ ਅਸੀਂ ਹੋਰਨਾਂ ਦ੍ਰਿਸ਼ਟਾਂਤਾਂ ਨੂੰ ਛੱਡ ਕੇ ਬ੍ਰਿਖਾਂ ਦਾ ਨਮੂਨਾ ਅਪਨੀ ਅੱਖੀਆਂ ਦੇ ਸਾਮ੍ਹਨੇ ਰੱਖਦੇ ਹਾਂ ਤਾਂ ਸਾਨੂੰ ਏਹ ਸਿੱਖਿਆ ਮਿਲਦੀ ਹੈ ਕਿ ਬ੍ਰਿਖ ਦੀ ਸ਼ਾਇਆ ਹੇਠ ਦੂਜਾ ਬ੍ਰਿਖ ਨਹੀਂ ਵੱਧਦਾ, ਸਗੋਂ ਵੱਡਾ ਬ੍ਰਿਖ ਉਸ ਛੋਟੇ ਨੂੰ ਸੁਕਾ ਕੇ ਕੇਵਲ ਆਪ ਹੀ ਨਿਰਭੈ ਹੋ ਕੇ ਪਰਫੁਲਤ ਹੋ ਜਾਂਦਾ ਹੈ। ਕਈ ਜਗਾ ਦੇਖਨ ਵਿਚ ਆਯਾ ਹੈ ਜੋ ਬੇਰੀ ਦੇ ਰੁੱਖ ਨਾਲ ਇਕ ਬੋਹੜ ਯਾ ਪਿੱਪਲ ਦਾ ਦਰਖ਼ਤ ਲਗਾਇਆ ਗਿਆ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਜੋ ਬੋਹੜ ਨੇ ਬੇਰੀ ਨੂੰ ਭੰਨ ਤੋੜ ਕੇ ਅਪਨੇ ਵਿਚ ਹੀ ਮਿਲਾ ਲੀਤਾ ਹੈ, ਇਹ ਦ੍ਰਿਸ਼ਟਾਂਤ ਇਕ ਯਾ ਦੋ ਜਗਾ ਨਹੀਂ, ਕਿੰਤੂ ਸਾਰੇ ਹਿੰਦੁਸਤਾਨ ਦੇ ਨਗਰਾਂ ਵਿਚ ਪਾਇਆ ਜਾਂਦਾ ਹੈ। ਦੂਸਰਾ, ਲੋਕ ਭੀ ਆਖਦੇ ਹਨ ਕਿ "ਭਾਈ ਰੁੱਖ ਹੇਠ ਰੁੱਖ ਨਹੀਂ ਮੌਲਦਾ" ਇਸ ਤੇ ਭੀ ਸਾਫ ਪਾਇਆ ਜਾਂਦਾ ਹੈ ਕਿ ਕਿਸੇ ਵਸਤੂ ਦੇ ਸਾਏ ਹੇਠ ਦੂਜੀ ਵਸਤੂ ਨਹੀਂ ਮੌਲਦੀ।

ਏਸ ਉਪਰਲੇ ਦ੍ਰਿਸ਼ਟਾਂਤ ਤੇ ਅਸੀਂ ਕੌਮ ਦੀ ਉੱਨਤੀ ਦਾ ਨਤੀਜਾ ਨਿਕਾਲ ਸਕਦੇ ਹਾਂ ਕਿ ਕੋਈ ਕੌਮ ਕਿਸੇ ਦੂਸਰੀ ਕੌਮ ਦੇ ਸਾਏ ਹੇਠ ਰਹ ਕੇ ਯਾ ਉਸ ਦਾ ਹਿੱਸਾ ਅਤੇ ਸ਼ਾਖ ਬਨ ਕੇ ਕਦੇ ਭੀ ਸਰਸਬਜ਼ ਨਹੀਂ ਹੋਈ। ਇਸ ਦੇ ਦ੍ਰਿਸ਼ਟਾਂਤ ਭੀ ਸਾਡੀ ਅੱਖੀਂ ਦੇ ਸਾਮ੍ਹਨੇ ਪ੍ਰਤੱਖ ਪਾਏ ਜਾਂਦੇ ਹਨ ਜੈਸਾ ਕਿ ਈਸਾਈ ਕੌਮ ਪਹਲੇ ਯਹੂਦੀ ਕੌਮ ਵਿੱਚੋਂ ਪੈਦਾ ਹੋਈ ਸੀ, ਪਰੰਤੂ ਜੇ ਇਹ ਕੌਮ ਅਪਨੇ ਆਪ ਨੂੰ ਯਹੂਦੀਆਂ ਦਾ ਹਿੱਸਾ ਅਤੇ ਸ਼ਾਖ ਸਮਝਦੀ ਤਦ ਇਸ ਦੀ ਉੱਨਤੀ ਕਦੇ ਭੀ ਨਾ ਹੁੰਦੀ, ਕਿੰਤੂ ਇਸ ਨੇ ਜੋ ਉੱਨਤੀ ਕੀਤੀ ਸੋ ਅਪਨੀ ਪਹਲੀ ਕੌਮ ਥੋਂ ਜੁਦਾ ਹੋ ਕੇ ਕੀਤੀ ਇਸੀ ਪ੍ਰਕਾਰ ਮੁਸਲਮਾਨ ਕੌਮ ਭੀ ਪਹਿਲੇ ਯਹੂਦੀਆਂ ਵਿੱਚੋਂ ਹੀ ਨਿਕਲੀ ਸੀ, ਪਰੰਤੂ ਇਨ੍ਹਾਂ ਨੇ ਅਪਨੇ ਆਪ ਨੂੰ ਬਿਲਕੁਲ ਉਸ ਪੁਰਾਨੀ ਕੌਮ ਥੋਂ ਜੁਦਾ ਹੋ ਕੇ ਰੌਨਕ ਪਾਈ-ਭਾਵੇਂ ਈਸਾਈ ਅਤੇ ਮੁਸਲਮਾਨ ਮੂਸਾ, ਸੁਲੇਮਾਨ ਅਤੇ ਲੂਤ ਆਦਿਕ ਪੈਗੰਬਰਾਂ ਨੂੰ ਅਤੇ ਉਨ੍ਹਾਂ ਦੀ ਬਨਾਈ ਹੋਈਆਂ ਤੌਰੇਤ, ਜਬੂਰ ਆਦਿਕ ਕਤਾਬਾਂ ਨੂੰ ਮੰਨਦੇ ਹਨ, ਪਰੰਤੂ ਫੇਰ ਭੀ ਅਪਨੇ ਆਪ ਨੂੰ ਉਸ ਕੌਮ ਦਾ ਹਿੱਸਾ ਯਾ ਉਨ੍ਹਾਂ ਨਬੀਆਂ ਦੀ ਉੱਮਤ ਨਹੀਂ ਮੰਨਦੇ, ਜਿਸ ਤੇ ਇਹ ਕੌਮਾਂ ਸੁਤੰਤਰ ਹੋ ਕੇ ਸੰਸਾਰ ਪਰ ਬ੍ਰਾਜਮਾਨ ਹਨ।

ਇਸੀ ਪ੍ਰਕਾਰ ਸਾਡੀ ਖਾਲਸਾ ਕੌਮ ਜੋ ਦਸਮੇਂ ਪਾਤਸ਼ਾਹ ਨੇ ਸਭ ਥੋਂ ਵੱਖਰੀ ਕੌਮ ਸੰਸਾਰ ਪਰ ਪ੍ਰਗਟ ਕੀਤੀ ਹੈ ....ਪਰੰਤੂ ਇਸ ਕੌਮ ਦੇ ਸੱਚੇ ਪਜਾਰਿਆਂ ਨੂੰ ਚਾਹੀਦਾ ਹੈ ਜੋ ਇਸ ਨੂੰ ਕਿਸੇ ਕੌਮ ਦਾ ਹਿੱਸਾ ਯਾ ਸ਼ਾਖ ਨਾ ਖਯਾਲ ਕਰਨ ਜੋ ਲੋਗ ਦੂਸਰੀ ਕੌਮ ਦਾ ਹਿੱਸਾ ਯਾਂ ਸ਼ਾਖ ਸਮਝ ਕੇ ਇਸ ਦੀ ਉਨਤੀ ਉਸ ਦੇ ਨਾਲ ਮਿਲ ਕੇ ਆਖਦੇ ਹਨ ਸੋ ਦੁਨੀਆਂ ਦੀ ਤਾਰੀਖਾਂ ਤੇ ਬੇਖ਼ਬਰ ਅਤੇ ਦਸਮ ਗੁਰੂ ਦੇ ਸਿਧਾਂਤ ਤੇ ਨਾਵਾਕਫ ਹਨ। ਇਸ ਵਾਸਤੇ ਹੁਣ ਜਾਗੋ, ਦੇਖੋ ਜੋ ਤੁਸੀਂ ਕੌਨ ਹੋ ਅਤੇ ਦਸਮ ਪਾਤਸ਼ਾਹ ਨੇ ਤੁਹਾਨੂੰ ਕਯਾ ਬਨਾਇਆ ਹੈ ਅਤੇ ਗੁਰਬਿਲਾਸ ਵਿਚ ਤੁਹਾਨੂੰ ਗਧੇ ਪਰ ਸ਼ੇਰ ਦੀ ਬੁਰਕੇ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ। ਆਸ਼ਾ ਹੈ ਜੋ ਸਾਡੇ ਪਯਾਰੇ ਸਿੱਖ ਭਾਈ ਇਸ ਮਜ਼ਮੂਨ ਨੂੰ ਜ਼ਰੂਰ ਦਿਲ ਲਾ ਕੇ ਪੜ੍ਹਨਗੇ ਅਤੇ ਫੇਰ ਵਿਚਾਰਨਗੇ। ਜਿਸ ਪਰ ਅਮਲ ਕਰਕੇ ਸੱਚੇ ਪਾਤਸ਼ਾਹ ਦੇ ਇਸ ਪਵਿੱਤਰ ਖਾਲਸਾ ਪੰਥ ਦਾ ਪੰਥ ਸਭ ਥੋਂ ਨਿਰਾਲਾ ਕਰਨ ਲਈ ਯਤਨ ਕਰਨਗੇ।

(੨੫ ਅਕਤੂਬਰ ੧੯੮੫)

**6 ਸਿਤੰਬਰ ਨੂੰ ਅਕਾਲ ਚਲਾਣੇ ਤੇ ਵਿਸ਼ੇਸ਼;**

# ਗਿਆਨੀ ਦਿੱਤ ਸਿੰਘ ਜੀ

ਡਾ. ਗੁਰਪ੍ਰੀਤ ਸਿੰਘ

ਗਿਆਨੀ ਦਿੱਤ ਸਿੰਘ ਦਾ ਜਨਮ ੨੧ ਅਪ੍ਰੈਲ ੧੮੫੨ ਈ. ਨੂੰ ਨੰਦਪੁਰ ਕਲੌੜ, ਰਿਆਸਤ ਪਟਿਆਲਾ ਵਿਖੇ ਭਾਈ ਦੀਵਾਨ ਸਿੰਘ ਦੇ ਘਰ ਹੋਇਆ। ਬਚਪਨ ਵਿਚ ਤੀਖਣ ਬੁੱਧੀ ਦੇਖ ਕੇ ਪਿਤਾ ਜੀ ਨੇ ਤਿਊੜ ਪਿੰਡ ਜ਼ਿਲ੍ਹਾ ਅੰਬਾਲਾ ਦੇ ਮਹਾਤਮਾ ਗੁਰਬਖਸ਼ ਸਿੰਘ ਗੁਲਾਬਦਾਸੀ ਕੋਲ ਗੁਰਬਾਣੀ ਅਧਿਐਨ ਲਈ ਭੇਜ ਦਿੱਤਾ। ਆਪ ਇਥੇ ਕੋਈ ਛੇ ਸਾਲ ਰਹੇ। ਆਪ ਜੀ ਨੇ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ, ਉਰਦੂ, ਪੰਜਾਬੀ, ਪਿੰਗਲ, ਵਿਆਕਰਣ, ਵੇਦਾਂਤ ਅਤੇ ਰਾਜਨੀਤੀ ਦੇ ਗ੍ਰੰਥਾਂ ਦਾ ਅਧਿਐਨ ਕੀਤਾ।

ਇਹਨਾਂ ਦਿਨਾਂ ਵਿਚ ਸਿੱਖ ਧਰਮ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਅਤੇ ਆਰੀਆ ਸਮਾਜੀ ਦਯਾ ਨੰਦ ਦੇ ਪ੍ਰਭਾਵ ਹੇਠ ਆ ਚੁੱਕਾ ਸੀ। ਗਿ. ਦਿੱਤ ਸਿੰਘ ਦੀ ਭੇਟ ਪ੍ਰੋ. ਗੁਰਮੁਖ ਸਿੰਘ ਜੀ ਨਾਲ ਲਾਹੌਰ ਵਿਖੇ ਹੋਈ। ੧੮੭੩ ਈ. ਵਿਚ ਸਿੰਘ ਸਭਾ ਲਹਿਰ ਬਣੀ। ਇਸ ਲਹਿਰ ਵਿਚ ਆਪ ਜੀ ਸਿਰਕੱਢ ਆਗੂ ਸਨ। ੧੮੮੦ ਈ. ਵਿਚ ਆਪ ਜੀ ਨੇ ਲਾਹੌਰ ਤੋਂ ਗੁਰਮੁਖੀ ਦਾ ਪਹਿਲਾ ਅਖ਼ਬਾਰ 'ਖ਼ਾਲਸਾ ਅਖਬਾਰ' ਕੱਢਿਆ। ਇਸ ਸਮੇਂ ਦੌਰਾਨ ਹੀ ਆਪ ਜੀ ਨੇ ਸਿੱਖ ਧਰਮ 'ਤੇ ਹਮਲੇ ਕਰਨ ਵਾਲੇ ਆਰੀਆ ਸਮਾਜੀ ਸੁਆਮੀ ਦਯਾਨੰਦ ਨੂੰ ਤਿੰਨ ਬਹਿਸਾਂ ਵਿਚ ਹਰਾਇਆ। ਆਪ ਦੀ ਵਿਦਵਤਾ ਦੀ ਧਾਂਕ ਚਾਰੇ ਪਾਸੈ ਪੈ ਗਈ। ਆਪ ਜੀ ਨੇ ਅਖਬਾਰ ਰਾਹੀਂ ਸਿੱਖ ਕੌਮ ਨੂੰ ਬਹੁਤ ਜਾਗਰੂਕ ਕੀਤਾ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਤਿਆਰੀ ਵਿਚ ਵੀ ਆਪ ਜੀ ਦਾ ਅਹਿਮ ਯੋਗਦਾਨ ਸੀ। ਗਿਆਨੀ ਦਿੱਤ ਸਿੰਘ ਜੀ ਨੇ ਸਿੱਖ ਧਰਮ ਲਈ ਕੋਈ ੩੦ ਪੁਸਤਕਾਂ ਤੇ ਅਣਗਿਣਤ ਲੇਖ ਲਿਖੇ। ਗਿ. ਦਿੱਤ ਸਿੰਘ ਜੀ ਦੇ ਅਖ਼ਬਾਰ ਨੂੰ ਬੰਦ ਕਰਨ ਲਈ ਪੰਥ ਵਿਰੋਧੀ ਤਾਕਤਾਂ ਨੇ ਤਾਣ ਲਾਇਆ। ਗਿਆਨੀ ਜੀ ਨੂੰ ਅਖ਼ਬਾਰ ਚਾਲੂ ਰੱਖਣ ਲਈ ਆਪਣਾ ਘਰ ਤੱਕ ਵੇਚਣਾ ਪਿਆ ਸੀ। ਪਰ ਹਾਲਾਤ ਖ਼ਰਾਬ ਹੁੰਦੇ ਗਏ। ਆਖ਼ਰ ਅਖ਼ਬਾਰ ਬੰਦ ਕਰਨਾ ਪਿਆ। ੬ ਸਤੰਬਰ ੧੯੦੧ ਈ. ਨੂੰ ਗਿਆਨੀ ਦਿੱਤ ਸਿੰਘ ਜੀ ਬ੍ਰਾਹਮਣਵਾਦ ਤੇ ਸਿੱਖ ਵਿਰੋਧੀ ਤਾਕਤਾਂ ਨਾਲ ਜੂਝਦੇ ਹੋਏ ਇਸ ਦੁਨੀਆਂ ਤੋਂ ਚਲੇ ਗਏ।



ਸਿੱਖ ਕੌਮ ਗਿ. ਦਿੱਤ ਸਿੰਘ ਦੇ ਸਿੱਖ ਧਰਮ ਲਈ ਕੀਤੇ ਪ੍ਰਚਾਰ ਲਈ ਸਦਾ ਰਿਣੀ ਰਹੇਗੀ।

# ਸਿੱਖੀ ਵਿਰਸੇ ਨਾਲ ਜੁੜਨ ਦੀ ਲੋੜ

ਸ. ਅੰਮ੍ਰਿਤਪਾਲ ਸਿੰਘ ਖੱਬੇ ਰਾਜਪੂਤਾਂ

ਸਿੱਖਾਂ ਨੂੰ ਗ਼ੁਲਾਮੀ ਬਿਲਕਲ ਪਸੰਦ ਨਹੀਂ। ਉਹ ਹਮੇਸ਼ਾਂ ਆਜ਼ਾਦ ਰਹਿੰਦੇ ਹਨ। ਸਿੱਖਾਂ ਦੀ ਕਿਰਪਾਨ ਇਸੇ ਹੀ ਗੱਲ ਦੀ ਪਤੀਕ ਹੈ ਕਿ ਉਹ ਆਜ਼ਾਦ ਹਨ ਤੇ ਆਜ਼ਾਦ ਰਹਿਣਗੇ। ਪਰ ਕੀ ਹੋ ਗਿਆ ਹੈ ਅੱਜ ਸਾਨੂੰ? ਪਹਿਲਾਂ ਤਾਂ ਸਾਨੂੰ ਗੁਲਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਸਨ, ਪਰ ਅਸੀਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਆਪਣੇ ਨੇੜੇ ਆਉਣ ਤੋਂ ਪਹਿਲਾਂ ਹੀ ਤੋੜ ਦਿੰਦੇ ਸੀ। ਮੌਜੂਦਾ ਸਮੇਂ ਵਿਚ ਅਸੀਂ ਆਪ ਇਨ੍ਹਾਂ ਜ਼ੰਜੀਰਾਂ ਨੂੰ ਆਪਣੇ ਗਲ ਵਿਚ ਪਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਗ਼ੁਲਾਮ ਹੋ ਜੀਊਣਾ ਪਸੰਦ ਕਰ ਰਹੇ ਹਾਂ। ਆਪਣੀ ਸੋਚ ਨੂੰ ਗ਼ੁਲਾਮ ਕਰ ਕੇ ਜੀਊਣਾ ਚਾਹੁੰਦੇ ਹਾਂ, ਪਰ ਇਸ ਤਰ੍ਹਾਂ ਕਿਉਂ?

ਇਨਸਾਨ ਦੇ ਤਿੰਨ ਜ਼ਰੂਰੀ ਪੱਖ ਹਨ। ਆਚਾਰ, ਵਿਹਾਰ ਤੇ ਵਿਚਾਰ। ਆਚਾਰ ਤੇ ਵਿਹਾਰ ਇਹ ਤਾਂ ਹੀ ਚੰਗੇ ਹੋਣਗੇ ਜੇ ਸਾਡੇ ਵਿਚਾਰ ਚੰਗੇ ਹਨ। ਹੁਣ ਦੇਖਿਆ ਜਾਵੇ ਕਿ ਵਿਚਾਰ ਕਿਵੇਂ ਪੈਦਾ ਹੁੰਦੇ ਹਨ ਜਾਂ ਹੋਣਗੇ। ਬੱਚੇ ਤੋਂ ਸ਼ੁਰੂ ਕਰੀਏ ਤਾਂ ਬੱਚੇ ਨੂੰ ਮੁੱਢਲੀ ਸਿੱਖਿਆ ਪ੍ਰਾਪਤ ਹੁੰਦੀ ਹੈ ਮਾਂ ਕੋਲੋਂ। ਜਿਸ ਤਰ੍ਹਾਂ ਦੀ ਮਾਂ ਨੇ ਬੱਚੇ ਨੂੰ ਚੇਟਕ ਲਗਾ ਦਿੱਤੀ, ਉਹ ਉਸ ਵਿਚ ਜ਼ਰੂਰ ਕਾਮਯਾਬ ਹੋਵੇਗਾ। ਜਿਸ ਤਰ੍ਹਾਂ ਦਾ ਮਾਂ ਬੱਚੇ ਨੂੰ ਬਣਾਉਣਾ ਚਾਹਵੇ, ਉਹ ਬਣਾ ਸਕਦੀ ਹੈ। ਇਸਦੇ ਸਿੱਖ ਇਤਿਹਾਸ ਵਿਚ ਸਾਨੂੰ ਕਈ ਪ੍ਰਮਾਣ ਮਿਲਦੇ ਹਨ। ਅੱਜ ਜਿਸ ਤਰ੍ਹਾਂ ਬੱਚੇ ਤੇ ਨੌਜਵਾਨ ਪਤਿਤ ਹੋ ਰਹੇ ਹਨ ਤੇ ਨਸ਼ਿਆਂ ਦੇ ਦਰਿਆ ਵਿਚ ਰੁੜ੍ਹ ਰਹੇ ਹਨ, ਇਸਦਾ ਕਾਰਨ ਇਹੀ ਹੈ ਕਿ ਉਨ੍ਹਾਂ ਨੂੰ ਮਾਂ ਕੋਲੋਂ ਮੁੱਢਲੀ ਸਿੱਖਿਆ ਚੰਗੀ ਨਹੀਂ ਮਿਲੀ। ਜੇਕਰ ਮਾਂ ਬੱਚੇ ਨੂੰ ਸ਼ੁਰੂ ਤੋਂ ਹੀ ਆਪਣਿਆਂ ਵਡੇਰਿਆਂ ਦਾ ਇਤਿਹਾਸ, ਕੁਰਬਾਨੀਆਂ ਸੁਣਾਵੇ ਤੇ ਗੁਰਬਾਣੀ ਦੇ ਨਾਲ ਜੋੜੇ ਤਾਂ ਬੱਚੇ ਜ਼ਰੂਰ ਵੱਡੇ ਹੋ ਕੇ ਸਿੱਧੇ ਰਸਤੇ ਵੱਲ ਜਾਣਗੇ ਤੇ ਸਿੱਖ ਪੰਥ ਦੇ ਮਹਾਨ ਵਿਦਵਾਨ ਵੀ ਬਣਨਗੇ। ਪਰ ਅੱਜਕਲ੍ਹ ਦੀਆਂ ਮਾਤਾਵਾਂ ਬੱਚਿਆਂ ਦੇ ਭਵਿੱਖ ਦੀ ਝਾਤ ਬਹੁਤ ਹੀ ਘੱਟ ਰੱਖਦੀਆਂ ਹਨ। ਅਕਸਰ ਦੇਖਣ 'ਚ ਆਉਂਦਾ ਹੈ ਕਿ ਮਾਤਾਵਾਂ ਛੋਟੇ-ਛੋਟੇ ਬੱਚਿਆਂ ਦੇ ਕੇਸ ਕਟਵਾ ਦਿੰਦੀਆਂ ਹਨ। ਪੁੱਛਣ 'ਤੇ ਉਹ ਕਹਿੰਦੀਆਂ ਹਨ ਕਿ ਅਜੇ ਛੋਟਾ ਹੈ, ਇਸ ਲਈ ਅਸੀਂ ਕੇਸ ਕਟਵਾ ਦਿੰਦੇ ਹਾਂ। ਚਲੋ, ਵੱਡਾ ਹੋ ਕੇ ਆਪੇ ਹੀ ਰੱਖ ਲਵੇਗਾ! ਜੇਕਰ ਥੱਲੇ ਦੀ ਨੀਂਹ ਨਹੀਂ ਤਾਂ ਉੱਪਰਲੀ ਮੰਜ਼ਿਲ ਦੀ ਆਸ ਕਿੱਥੋਂ ਕੀਤੀ ਜਾ ਸਕਦੀ ਹੈ?

ਇਸ ਤੋਂ ਬਾਅਦ ਸਕੂਲ, ਕਾਲਜ ਆਦਿ ਤੋਂ ਬਾਅਦ ਕਈ ਹੋਰ ਵਸੀਲੇ ਇਨਸਾਨ ਦੀ ਸੋਚ-ਵਿਚਾਰ ਬਣਾਉਂਦੇ ਹਨ। ਸਕੂਲਾਂ ਵਿਚ ਬੱਚਿਆਂ ਦੇ ਵਿਚਾਰਾਂ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਅਧਿਆਪਕਾਂ ਦੇ ਸੁੱਚੇ ਬੋਲ ਬੱਚਿਆਂ ਦੀ ਕੋਰੀ ਸਲੇਟ ਵਰਗੇ ਮਨ 'ਤੇ ਆਪਣੇ ਆਕਾਰ ਛੱਡਣੇ ਸ਼ੁਰੂ ਕਰ ਦੇਂਦੇ ਹਨ। ਵਿਚਾਰ ਬਣਦੇ ਹਨ ਪ੍ਰਭਾਵ ਦੇ ਜ਼ਰੀਏ। ਜਿਹੋ ਜਿਹਾ ਇਨਸਾਨ ਕੋਲ ਪ੍ਰਭਾਵ ਹੋਵੇਗਾ, ਉਹੋ ਜਿਹੇ ਸਾਡੇ ਯਕੀਨਨ ਵਿਚਾਰ ਹੋਣਗੇ। ਹੁਣ ਗੁਲਾਮੀ ਤਾਂ ਅੱਜਕਲ੍ਹ ਸਾਡੇ ਸਕੂਲਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਛੋਟਾ ਬੱਚਾ ਸਕੂਲ ਨੂੰ ਇਕ ਕੈਦ ਸਮਝਦਾ ਹੈ। ਅਧਿਆਪਕਾਂ ਨੂੰ ਇਹ ਚਾਹੀਦਾ ਹੈ ਕਿ ਬੱਚੇ ਨੂੰ ਵੱਧ ਤੋਂ ਵੱਧ ਮਾਨਸਿਕ ਤੌਰ 'ਤੇ ਅਜ਼ਾਦ ਰੱਖਣ। ਸਰੀਰਕ ਗੁਲਾਮੀ ਓਨੀ ਮਾੜੀ ਨਹੀਂ ਜਿੰਨੀ ਮਾੜੀ ਮਾਨਸਿਕ ਗੁਲਾਮੀ ਹੈ ਜਿਸ ਤਰ੍ਹਾਂ ਦੀ ਗੁਲਾਮੀ ਦਾ ਅੱਜ ਅਸੀਂ ਸ਼ਿਕਾਰ ਹੋ ਰਹੇ ਹਾਂ।

ਚੰਗੇ ਵਿਚਾਰ ਪੈਦਾ ਹੋਣ ਦੇ ਲਈ ਲੋੜ ਹੈ ਚੰਗੇ ਪ੍ਰਭਾਵ ਦੀ, ਚੰਗੇ ਮਾਹੌਲ ਦੀ। ਹਰ ਚੀਜ਼ ਆਪਣੀਆਂ ਤਰੰਗਾਂ ਛੱਡਦੀ ਹੈ। ਜਿਸ ਤਰ੍ਹਾਂ ਦੇ ਮਾਹੌਲ ਵਿਚ ਇਨਸਾਨ ਰਹਿੰਦਾ ਹੈ ਉਨ੍ਹਾਂ ਤਰੰਗਾਂ ਦਾ ਪ੍ਰਭਾਵ ਉਸ ਉੱਪਰ ਬਣਿਆ ਰਹਿੰਦਾ ਹੈ। ਹਰੇਕ ਖੇਤਰ ਸਾਡੇ ਮਨ ਨੂੰ ਹੀ ਤਰੰਗਾਂ ਭੇਜਦਾ ਹੈ। ਜਿਹੋ ਜਿਹੀਆਂ ਤਰੰਗਾਂ ਅਸੀਂ ਮਨ ਵਿਚ ਜਮ੍ਹਾਂ ਕਰ ਲੈਂਦੇ ਹਾਂ, ਉਹੋ ਜਿਹੇ ਸਾਡੇ ਵਿਚਾਰ ਹੋ ਜਾਂਦੇ ਹਨ। ਜਿਸ ਤਰ੍ਹਾਂ ਦਾ ਪ੍ਰਭਾਵ, ਉਸੇ ਤਰ੍ਹਾਂ ਦੀ ਸੋਚ। ਅੱਜ ਨੌਜਵਾਨ ਪੀੜ੍ਹੀ 'ਤੇ ਸਭ ਤੋਂ ਜ਼ਿਆਦਾ ਪ੍ਰਭਾਵ

ਪੈ ਰਿਹਾ ਹੈ ਪੱਛਮੀ ਸਭਿਅਤਾ ਦਾ। ਉਸਦੇ ਜ਼ਰੀਏ ਹੀ ਗ਼ੁਲਾਮ ਹੋਏ ਚੈਨਲ ਵੀ ਨੈੱਟਵਰਕ ਸੇਵਾ ਰਾਹੀਂ ਸਾਨੂੰ ਬਹੁਤ ਕੁਝ ਮਾੜਾ ਪ੍ਰੋਸ-ਪ੍ਰੋਸ ਕੇ ਦੇ ਰਹੇ ਹਨ, ਜਿਸ ਨੂੰ ਕੁਝ ਕੁ ਨੂੰ ਛੱਡ ਕੇ, ਬਾਕੀ ਸਭ ਹੀ ਖਿੜੇ-ਮੱਥੇ ਸਵੀਕਾਰ ਕਰੀ ਜਾ ਰਹੇ ਹਨ। ਉਸ ਤੋਂ ਬਾਅਦ ਕੁਝ ਮਾੜਾ ਮੀਡੀਆ ਸਾਡੇ ਸਮਾਜਿਕ ਮਨਾਂ ਉੱਪਰ ਬੁਰੀ ਤਰ੍ਹਾਂ ਛਾਇਆ ਹੋਇਆ ਹੈ। ਖਾਸ ਕਰ ਨੌਜਵਾਨ ਪੀੜ੍ਹੀ ਮੈਗਜ਼ੀਨਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਹੈ। ਅੱਜਕਲ੍ਹ ਇਹ ਓਨਾ ਆਪਣਾ ਇਤਿਹਾਸ ਪੜ੍ਹਨ ਵਿਚ ਵਿਸ਼ਵਾਸ ਨਹੀਂ ਰੱਖਦੇ, ਜਿੰਨਾ ਕਿ ਇਨ੍ਹਾਂ ਫੁਕਲੀਆਂ ਗੱਲਾਂ ਪੜ੍ਹਨ ਵਿਚ ਰੱਖਦੇ ਹਨ। ਇਸ ਦੇ ਬਹੁਤ ਹੀ ਮਾਰੂ ਨਤੀਜੇ ਸਾਬਤ ਹੋ ਰਹੇ ਹਨ ਸਾਡੇ ਲਈ। ਇਸ ਤਰ੍ਹਾਂ ਅਸੀਂ ਦਿਨੋ-ਦਿਨ ਆਪਣੇ ਸਭਿਆਚਾਰ ਅਤੇ ਵਿਰਸੇ ਤੋਂ ਕੋਹਾਂ ਦੂਰ ਹੁੰਦੇ ਜਾ ਰਹੇ ਹਾਂ। ਦਿਨੋ-ਦਿਨ ਵਧ ਰਹੀਆਂ ਨਵੀਆਂ-ਨਵੀਆਂ ਅਣਸੋਚੀਆਂ ਘਟਨਾਵਾਂ ਜੋ ਵਾਪਰ ਰਹੀਆਂ ਹਨ ਉਹ ਸਭ ਏਸੇ ਦਾ ਹੀ ਨਤੀਜਾ ਹਨ।

ਲੋਕ ਧਰਮ ਦੀ ਦੁਨੀਆਂ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ। ਆਪਣੇ ਗੌਰਵਮਈ ਵਿਰਸੇ ਨੂੰ ਕੋਈ ਨਹੀਂ ਸਮਝ ਰਿਹਾ। ਦਿਨੋ-ਦਿਨ ਵਧ ਰਹੇ ਫੈਸ਼ਨ, ਲੱਚਰਤਾ, ਰੂੜੀਵਾਦੀ ਵਿਚਾਰ ਸਾਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰੀ ਜਾ ਰਹੇ ਹਨ। ਇਹੋ ਹੀ ਸਾਨੂੰ ਧਰਮ ਤੋਂ ਦੂਰ ਭੇਜ ਰਹੇ ਹਨ। ਪਰ ਕਿਉਂ ਗੁਲਾਮੀ ਵਾਲੀ ਜ਼ਿੰਦਗੀ ਜੀਣਾ ਅਸੀਂ ਪਸੰਦ ਕਰ ਰਹੇ ਹਾਂ? ਕਿਉਂ ਅਸਾਂ ਜ਼ਮੀਰ ਮਾਰ ਲਏ ਹਨ ਅਤੇ ਸਰੀਰ ਅੱਗੇ ਰੱਖ ਕੇ ਜ਼ਿੰਦਗੀ ਜੀਣ ਵਿਚ ਵਿਸ਼ਵਾਸ ਰੱਖਣ ਲੱਗ ਪਏ ਹਾਂ? ਜੋ ਸੱਚ ਹੈ ਕਿਉਂ ਉਸ ਤੋਂ ਦਰ ਹੋਈ ਜਾ ਰਹੇ ਹਾਂ? ਅਸੀਂ ਆਪਣੇ ਅਸਲੀ ਖਜ਼ਾਨੇ ਤੋਂ ਦੂਰ ਹੁੰਦੇ ਜਾ ਰਹੇ ਹਾਂ। ਸਾਡੇ ਪੈਰੋਕਾਰਾਂ ਨੇ ਆਪਣੀਆਂ ਸ਼ਹਾਦਤਾਂ ਇਸ ਲਈ ਦਿੱਤੀਆਂ ਕਿ ਆਉਣ ਵਾਲੇ ਧੀਆਂ-ਪੁੱਤਰਾਂ ਨੂੰ ਕੋਈ ਪ੍ਰੇਸ਼ਾਨੀ ਮਹਿਸੂਸ ਨਾ ਹੋਵੇ। ਪਰ ਅੱਜ ਅਸੀਂ ਉਨਾਂ ਕੌਮ ਦੇ ਆਗੂਆਂ ਨੂੰ ਵੀ ਨਹੀਂ ਯਾਦ ਕਰਦੇ। ਕੁਰਬਾਨੀ ਕਿਉਂ ਹੁੰਦੀ ਸੀ? ਕਿਉਂਕਿ ਵਿਰੋਧੀ ਕਹਿੰਦੇ ਸਨ ਕਿ ਆਪਣੀ ਪਹਿਚਾਣ (ਦਸਤਾਰ) ਤਿਆਗ ਦਿਓ, ਜੋ ਚਾਹੋਗੇ ਮਿਲੇਗਾ! ਪਰ ਉਹ ਦਸਤਾਰ ਨੂੰ ਨਹੀਂ ਸਨ ਤਿਆਗ ਸਕਦੇ। ਇਸ ਲਈ ਉਹ ਸ਼ਹੀਦ ਹੋ ਜਾਂਦੇ ਸਨ। ਪਰ ਅੱਜ ਸਾਨੂੰ ਕੋਈ ਸਿੱਧੇ ਤੌਰ 'ਤੇ ਕਹਿ ਵੀ ਨਹੀਂ ਰਿਹਾ। ਅਸੀਂ ਆਪਣੇ ਆਪ ਹੀ ਪ੍ਰਭਾਵ ਹੇਠਾਂ ਆ ਕੇ ਦਿਨੋ-ਦਿਨ ਆਪਣੀਆਂ ਦਸਤਾਰਾਂ ਪ੍ਰਭਾਵ ਦੇ ਅੱਗੇ ਰੱਖੀ ਜਾ ਰਹੇ ਹਾਂ। ਕੋਈ ਦਸਤਾਰ ਦੀ ਕੀਮਤ ਦਾ ਨਹੀਂ ਪਤਾ ਰਹਿ ਗਿਆ ਸਾਨੂੰ! ਏਨੀਆਂ ਅਮੋਲਕ ਦਸਤਾਰਾਂ ਅੱਜ ਸਾਨੂੰ ਭਾਰੀਆਂ ਲੱਗਣ ਲੱਗ ਪਈਆਂ ਹਨ। ਦਸਤਾਰ ਸਿਰ ਨੂੰ ਕੱਜਣ ਦੇ ਲਈ ਹੈ। ਪੱਛਮੀ ਸਭਿਅਤਾ ਵਿਚ ਔਰਤਾਂ ਸਿਰ 'ਤੇ ਦਸਤਾਰ (ਦੁਪੱਟਾ) ਨਹੀਂ ਰੱਖਦੀਆਂ। ਅੱਜ ਸਿੱਖ ਔਰਤਾਂ ਵੀ ਦਸਤਾਰ ਤਾਂ ਕੀ ਦੁਪੱਟੇ ਨੂੰ ਇਕ ਬੋਝ ਸਮਝਣ ਲੱਗ ਪਈਆਂ ਹਨ। ਇਥੋਂ ਹੀ ਸਾਨੂੰ ਪਤਾ ਲੱਗਦਾ ਹੈ ਅੱਜ ਅਸੀਂ ਦਿਨੋ-ਦਿਨ ਮਾਨਸਿਕ ਗ਼ੁਲਾਮੀ ਦਾ ਸ਼ਿਕਾਰ ਹੁੰਦੇ ਜਾ ਰਹੇ ਹਾਂ। ਅੱਜਕਲ੍ਹ ਦੁਪੱਟਾ ਉਨ੍ਹਾਂ ਦੇ ਸਿਰ ਉੱਤੇ ਬਹੁਤ ਹੀ ਘੱਟ ਦੇਖਣ ਨੂੰ ਮਿਲਦਾ ਹੈ। ਖਾਸ ਕਰ ਨੌਜਵਾਨ ਪੀੜ੍ਹੀ ਵਿਚ। ਕਈਆਂ ਨੇ ਤਾਂ ਇਸਦਾ ਬਿਲਕੁਲ ਹੀ ਤਿਆਗ ਕਰ ਦਿੱਤਾ ਹੈ ਪਰ ਜੋ ਮਜਬੂਰਨ ਤਿਆਗ ਨਹੀਂ ਕਰ ਸਕਦੀਆਂ, ਉਹ ਜਾਂ ਤਾਂ ਦੁਪੱਟੇ ਨੂੰ ਗਲ਼ ਵਿਚ ਪਾਈ ਰੱਖਦੀਆਂ ਹਨ ਜਾਂ ਕਿਸੇ ਹੋਰ ਤਰੀਕੇ ਨਾਲ ਰੱਖ ਲੈਂਦੀਆਂ ਹਨ ਪਰ ਸਿਰ ਉੱਪਰ ਰੱਖਣ ਤੋਂ ਉਹ ਗੁਰੇਜ਼ ਕਰਦੀਆਂ ਹਨ। ਜਿਹੋ ਜਿਹਾ ਪ੍ਰਭਾਵ, ਉਹੋ ਜਿਹਾ ਆਚਾਰ, ਵਿਹਾਰ ਤੇ ਵਿਚਾਰ। 'ਸਿੰਘ' ਦਾ ਅਰਥ ਹੈ ਸ਼ੇਰ ਅਤੇ 'ਕੌਰ' ਦਾ ਅਰਥ ਹੈ ਕੰਵਰ ਜਾਂ ਰਾਜਕੁਮਾਰ। ਔਰਤ ਦੇ ਸਿਰ 'ਤੇ ਜੋ ਦਸਤਾਰ ਹੈ ਇਹ ਉਸਦਾ ਤਾਜ ਹੈ, ਤਾਜ! ਪਰ ਉਹ ਖੁਦ ਹੀ ਆਪਣੀ ਕੀਮਤ ਨੂੰ ਨਹੀਂ ਸਮਝ ਰਹੀ ਤੇ ਝੂਠੇ ਫੈਸ਼ਨਾਂ ਦੀ ਨਦੀ ਵਿਚ ਰੁੜ੍ਹਦੀ ਜਾ ਰਹੀ ਹੈ। ਸਾਨੂੰ ਪ੍ਰਭਾਵ ਦੇ ਘੇਰੇ ਵਿਚ ਨਹੀਂ ਆਉਣਾ ਚਾਹੀਦਾ, ਸਗੋਂ ਆਪਣੇ ਵਿਰਸੇ ਉੱਪਰ ਸਾਰੀਆਂ ਔਰਤਾਂ ਨੂੰ ਮਾਣ ਕਰਨਾ ਚਾਹੀਦਾ ਹੈ। ਸਿੱਖ ਇਤਿਹਾਸ ਵਿਚ ਮਾਤਾਵਾਂ ਤੇ ਭੈਣਾਂ ਦੇ ਸਿਦਕ ਨੂੰ ਉਨ੍ਹ ਨੂੰ ਸਮਝਣਾ ਚਾਹੀਦਾ ਹੈ ਤੇ ਮਾਤਾ ਗੁਜਰੀ ਜੀ ਅਤੇ ਮਾਈ ਭਾਗੋ ਜੀ ਅਤੇ ਅਜਿਹੀਆਂ ਕਈ ਹੋਰ ਮਾਤਾਵਾਂ-ਭੈਣਾਂ ਉਨ੍ਹਾਂ ਲਈ ਇਕ ਆਦਰਸ਼ ਹਨ।

ਇਹ ਸਭ ਕੁਝ ਉਦੋਂ ਵਾਪਰਦਾ ਹੈ ਜਦੋਂ ਇਨਸਾਨ ਧਰਮ ਦੀ ਦੁਨੀਆਂ ਤੋਂ ਦੂ-ਹੋ ਜਾਂਦਾ ਹੈ। ਸਾਡਾ 'ਸਿੱਖ ਧਰਮ' ਹੈ। ਜਿਸ ਉੱਪਰ ਧਰਮ ਦਾ ਪ੍ਰਭਾਵ ਹੈ ਉਸ ਉੱਪਰ ਇਨ੍ਹਾਂ ਮਾੜੀਆਂ ਤਰੰਗਾਂ ਦਾ ਬਹੁਤ ਘੱਟ ਅਸਰ ਹੁੰਦਾ ਹੈ। ਧਰਮ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਕਾਬੂ ਵਿਚ ਕਰ ਕੇ ਰੱਖਦਾ ਹੈ। ਜਿਵੇਂ ਕੋਈ ਇਨਸਾਨ ਮਾੜਾ ਹੋਵੇ, ਜੇ ਉਹ ਵੀ ਚੰਗੇ ਪਾਸੇ ਵੱਲ ਆਵੇ, ਧਾਰਮਿਕ ਮਾਹੌਲ ਵਿਚ ਆਵੇ ਤਾਂ ਉਹ ਵੀ 'ਗੁਰੂ ਜੀ' ਦੇ ਸਨਮੁਖ ਹੋ ਸਕਦਾ ਹੈ। ਸਾਨੂੰ ਗੁਲਾਮੀ ਪਸੰਦ

ਨਹੀਂ ਹੈ। ਪਰ ਅਫ਼ਸੋਸ ਹੈ ਕਿ ਫੇਰ ਵੀ ਗ਼ੁਲਾਮ ਬਣ ਕੇ ਰਹਿਣਾ ਚਾਹੁੰਦੇ ਹਾਂ ਤੇ ਰਹਿ ਰਹੇ ਹਾਂ। ਜੇਕਰ ਅਸੀਂ ਇਸ ਪੱਛਮੀ ਸਭਿਅਤਾ ਨੂੰ ਅਪਣਾ ਲਿਆ, ਇਸਦੇ ਚੱਕਰਵਿਊ ਵਿਚ ਘਿਰ ਗਏ ਤਾਂ ਇਹ ਸਾਡੇ ਲਈ ਬਹੁਤ ਹੀ ਮਾਰੂ ਸਾਬਤ ਹੋ ਸਕਦਾ ਹੈ। ਪੱਛਮੀ ਲੋਕਾਂ ਦਾ ਸਭਿਆਚਾਰ ਹੈ ਇਹ। ਉਨ੍ਹਾਂ ਨੂੰ ਇਸ ਉੱਪਰ ਮਾਣ ਵੀ ਹੈ। ਪਰ ਸਾਨੂੰ ਕੀ ਲੋੜ ਪੈ ਗਈ, ਉਨ੍ਹਾਂ ਦਾ ਸਭਿਆਚਾਰ ਅਪਣਾਉਣ ਦੀ? ਅਸੀਂ ਅਮੀਰ ਹੋ ਕੇ ਹੋਰ ਆਸਾਂ ਦੀ ਤਾਕ ਵਿਚ ਕਿਉਂ ਬੈਠੇ ਹਾਂ? ਹਾਂ, ਹਰੇਕ ਚੀਜ਼ ਨੂੰ ਜਾਂਚਣਾ-ਪਰਖਣਾ ਜ਼ਰੂਰੀ ਹੈ, ਕਿਉਂਕਿ ਇਸ ਨਾਲ ਸਾਨੂੰ ਬਹੁਤ ਹੀ ਜਾਣਕਾਰੀ ਵੀ ਮਿਲਦੀ ਹੈ। ਪਰ ਉਸਦੇ ਪ੍ਰਭਾਵ ਹੇਠ ਆਉਣਾ, ਇਹ ਠੀਕ ਗੱਲ ਨਹੀਂ। ਇਹ ਮਾੜੇ ਪ੍ਰਭਾਵ ਸਾਡੇ ਉੱਪਰ ਪੈ ਕੇ ਕਿਸੇ ਤੇਜ਼ ਲਿਸ਼ਕਾਰੇ ਦੀ ਤਰ੍ਹਾਂ, ਸਾਡੀਆਂ ਅੱਖਾਂ ਨੂੰ ਅੰਨ੍ਹਿਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਪੁਰਜ਼ੋਰ ਸਨਿਮਰ ਬੇਨਤੀ ਹੈ ਕਿ ਅਸੀਂ ਜਾਣ-ਬੁੱਝ ਕੇ ਨਾ ਆਪਣੇ ਵਿਰਸੇ ਤੋਂ ਅਨਜਾਣ ਹੋਈਏ! ਧਰਮ ਦੀ ਦੁਨੀਆਂ ਵਿਚ ਆਈਏ, ਧਾਰਮਿਕ ਮਾਹੌਲ ਵਿਚ ਆਈਏ! ਆਪਣੇ 'ਗੁਰੂ ਜੀ' ਅੱਗੇ ਆਪਾ ਵਾਰ ਕੇ 'ਗੁਰਬਾਣੀ' ਦੇ ਲੜ ਲੱਗੀਏ ਤੇ ਇਨ੍ਹਾਂ ਝੂਠੀ ਦੁਨੀਆਂ ਦੇ ਮਾੜੇ ਪ੍ਰਭਾਵਾਂ ਤੋਂ ਬਚ ਸਕੀਏ। ਧਰਮ ਇਕ ਐਸੀ ਵੱਥ ਹੈ ਕਿ ਜਿਸ ਕਿਸੇ ਨੇ ਇਕ ਵਾਰ ਇਸ ਨੂੰ ਚੱਖ ਲਿਆ, ਉਸਨੂੰ ਦੁਨੀਆਂ ਦੀ ਕੋਈ ਵੀ ਤਾਕਤ ਇਸ ਤੋਂ ਫੇਰ ਅਲੱਗ ਨਹੀਂ ਕਰ ਸਕਦੀ ਚਾਹੇ ਜਾਨ ਵੀ ਕਿਉਂ ਨਾ ਵਾਰਨੀ ਪੈ ਜਾਵੇ। ਧਾਰਮਿਕ ਮਾਹੌਲ ਵਿਚ ਹੀ ਸਾਡੇ ਚੰਗੇ 'ਵਿਚਾਰ' ਉਤਪੰਨ ਹੋਣਗੇ। ਜਦੋਂ ਵਿਚਾਰ ਚੰਗੇ ਹੋ ਗਏ ਤਾਂ 'ਆਚਾਰ-ਵਿਹਾਰ' ਸਾਡਾ ਆਪਣੇ-ਆਪ ਹੀ ਚੰਗਾ ਹੋ ਜਾਵੇਗਾ ਤੇ ਜਿਸ ਵਿਚ ਇਹ ਤਿੰਨੇ ਗੁਣ ਮੌਜੂਦ ਹੋਣਗੇ ਉਹ ਹੀ ਚੰਗਾ ਤੇ ਪੂਰਨ ਇਨਸਾਨ ਅਖਵਾ ਸਕਦਾ ਹੈ। ਫੇਰ ਉਸਨੂੰ ਜ਼ਿੰਦਗੀ ਜੀਊਣ ਦਾ ਇਕ ਅਲੌਕਿਕ ਨਜ਼ਾਰਾ ਆਵੇਗਾ।

ਸੋ ਆਓ! ਮਾੜਿਆਂ ਪ੍ਰਭਾਵਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਲਾਹ ਕੇ ਆਜ਼ਾਦ ਜ਼ਿੰਦਗੀ ਬਤੀਤ ਕਰੀਏ। ਸਾਡੀ ਆਜ਼ਾਦੀ ਦਾ ਸਬੂਤ ਸਾਡਾ ਸਿੱਖੀ ਰਹਿਤ 'ਚ ਪੂਰੇ-ਸੂਰੇ ਹੋਣਾ ਹੈ। ਸੋ ਨਸ਼ਿਆਂ ਦੇ ਵਹਿਣ 'ਚੋਂ ਆਪਣੇ ਆਪ ਨੂੰ ਬਚਾਈਏ। ਗੁਰੂ ਜੀ ਦੇ ਲੜ ਲੱਗੀਏ, ਸਿੰਘ ਸਜੀਏ ਤੇ ਜ਼ਿੰਦਗੀ ਸਫ਼ਲ ਕਰੀਏ!

# ਦਾਤਾ ਤੋਂ ਦਾਤਾ ਮੰਗੀਏ ਦਾਤਾਂ ਨਹੀਂ

ਪ੍ਰੋ. ਬਲਵਿੰਦਰ ਸਿੰਘ ਜੋੜਾਸਿੰਘਾ

ਭਾਈ ਬਖਤਾਵਰ ਹਰੀਕੇ (ਅੰਮ੍ਰਿਤਸਰ) ਦਾ ਰਹਿਣ ਵਾਲਾ ਇਲਾਕੇ ਦਾ ਚੌਧਰੀ ਸੀ। ਇਲਾਕੇ ਦੇ ੭੦-੭੨ ਪਿੰਡਾਂ ਦਾ ਮਾਲੀਆ ਉਸ ਕੋਲ ਹੁੰਦਾ ਸੀ। ਮਾਇਆ ਦਾ ਉਸਨੂੰ ਬਹੁਤ ਹੰਕਾਰ ਸੀ। ਗੁਰੂ ਅੰਗਦ ਸਾਹਿਬ ਜੀ ਇਕ ਵਾਰ ਮਤੇ ਦੀ ਸਰ੍ਹਾਂ ਤੋਂ ਆਉਂਦੇ ਹੋਏ ਬਿਆਸ-ਸਤਲੁਜ ਨਦੀਆਂ ਦੇ ਸੰਗਮ ਕੰਢੇ ਵੱਸੇ ਹਰੀਕੇ ਨਗਰ ਵਿਚ ਠਹਿਰੇ। ਇਥੇ ਗੁਰੂ ਅੰਗਦ ਸਾਹਿਬ, ਗੁਰੂ ਨਾਨਕ ਸਾਹਿਬ ਜੀ ਦੀ ਸ਼ਰਨ ਜਾਣ ਤੋਂ ਪਹਿਲਾਂ ਵਪਾਰ ਕਰਦੇ ਹੁੰਦੇ ਸਨ। ਇਥੋਂ ਹੀ ਸੰਘਰ ਜਾ ਕੇ ਹੱਟੀ ਪਾ ਲਈ ਸੀ। ਚੌਧਰੀ ਬਖਤਾਵਰ ਉਸ ਸਮੇਂ ਤੋਂ ਪਾਤਸ਼ਾਹ ਦਾ ਜਾਣੂ ਸੀ। ਹੋਰ ਵੀ ਕਈ ਮੇਲੀ-ਗੇਲੀ, ਜਾਣੂ-ਪਛਾਣੂ ਏਥੇ ਰਹਿੰਦੇ ਸਨ। ਸਤਿਸੰਗਤ ਵਿਚ ਨਾਮ ਦਾ ਪ੍ਰਵਾਹ ਚਲਦਾ ਰਿਹਾ। ਚੌਧਰੀ ਬਖਤਾਵਰ ਨੇ ਸੁਨੇਹਾ ਘੱਲਿਆ ਕਿ ਮੈਂ ਆ ਰਿਹਾ ਹਾਂ। ਪਾਤਸ਼ਾਹ ਨੇ ਉਸਦੇ ਸਤਿਕਾਰ ਲਈ ਕਿਹਾ ਕਿ ਬੈਠਣ ਲਈ ਸੁਹਣਾ ਮੂਹੜਾ ਡਾਹ ਦਿਉ। ਜਦ ਉਹ ਆਇਆ ਤਾਂ ਆਪਣੀ ਸਰਦਾਰੀ ਦੇ ਹੰਕਾਰ ਵਿਚ ਬਿਨਾਂ ਕੋਈ ਦੁਆ-ਸਲਾਮ ਕੀਤੀ, ਨਾ ਕੁਝ ਬੋਲਿਆ ਤੇ ਸਿੱਧਾ ਗੁਰੂ ਸਾਹਿਬ ਦੇ ਪਲੰਘ 'ਤੇ ਸਿਰਹਾਣੇ ਵੱਲ ਬੈਠ ਗਿਆ। ਸਹਿਨਸ਼ੀਲ ਪਾਤਸ਼ਾਹ ਨੇ ਆਖਿਆ, “ਆਓ ਚੌਧਰੀ ਜੀ, ਜੀ ਆਇਆਂ ਨੂੰ, ਰਾਜ਼ੀ ਪ੍ਰਸੰਨ ਹੋ?” ਚੌਧਰੀ ਨੇ ਕਿਹਾ- "ਹਾਂ ਬੜੇ ਸੁਖੀ ਹਾਂ।" ਇਹ ਕਹਿ ਕੇ ਚੌਧਰੀ ਬਖਤਾਵਰ ਨੇ ਸੰਗਤਾਂ ਵੱਲ ਵੇਖਿਆ ਤਾਂ ਸਮਝ ਗਿਆ ਕਿ ਉਸਦੇ ਬੈਠਣ ਨੂੰ ਸੰਗਤ ਨੇ ਅਸੱਭਿਆ ਸਮਝਿਆ ਹੈ। ਉਹ ਆਪੇ ਹੀ ਬੋਲ ਪਿਆ-"ਕਿਉਂ ਘੂਰ-ਘੂਰ ਵੇਂਹਦੇ ਹੋ? ਇਹ ਗੁਰੂ ਹੈ ਤਾਂ ਮੈਂ ਵੀ ਚੌਧਰੀ ਹਾਂ, ਬਹੱਤਰ ਪਿੰਡਾਂ ਦਾ। ਨਾਲੇ ਬੇਲੀ ਹਾਂ, ਛੋਟੀ ਉਮਰ ਦੇ ਦੋਵੇਂ।” ਪਾਤਸ਼ਾਹ ਇਹ ਸੁਣ ਕੇ ਮੁਸਕਰਾ ਪਏ। ਸੰਗਤ ਚੁੱਪ ਹੋ ਗਈ। ਉਸੇ ਖੁੱਲ੍ਹੀ-ਡੁੱਲ੍ਹੀ ਸੁਰ ਵਿਚ ਫੇਰ ਬੋਲਿਆ, "ਸਾਂਈਂ ਨੇ ਬਹੁਤ ਤੋਂ ਵੱਧ ਦੇ ਦਿੱਤਾ ਹੈ, ਮੈਂ ਅੱਗੋਂ ਹੋਰ ਵਧਾਉਂਦਾ ਪਿਆ ਹਾਂ। ਤੁਹਾਨੂੰ ਭੀ ਲੱਭ ਪਿਆ ਹੈ ਹੋਰ ਕੁਛ, ਜੋ ਸੁਣਿਆ ਹੈ ਕਿ ਲੋਕਾਂ ਨੂੰ ਦੇਂਦੇ ਹੋ। ਸਾਨੂੰ ਭੀ ਦੇ ਦਿਓ ਪੁਰਾਣੇ ਬੇਲੀਆਂ ਨੂੰ।"

ਪਾਤਸ਼ਾਹ ਬੋਲੇ, "ਚੌਧਰੀ ਜੀ, ਖੱਟਦੇ ਕਮਾਉਂਦੇ ਹੋਏ ਮੈਨੂੰ ਸੋਝੀ ਆਈ ਕਿ ਇਥੋਂ ਚੱਲਣਾ ਹੀ ਅਟੱਲ ਸਚਾਈ ਹੈ। ਕਿਸੇ ਨੇ ਇਥੇ ਸਦਾ ਸਥਿਰ ਨਹੀਂ ਰਹਿਣਾ। ਮੈਂ ਤਾਂ ਭੱਜ ਕੇ ਸਦਾ ਰਹਿਣ ਦੀ ਸੋਝੀ ਵਾਲੇ ਦੀ ਸ਼ਰਨ ਜਾ ਪਿਆਂ। ਉਸ ਨੇ ਮੈਨੂੰ ਅਣਹੋਂਦ ਦਾਨ ਦਿੱਤੀ ਤੇ ਜਾਚ ਦੱਸੀ ਕਿ ਇਸ ਨੂੰ ਵੰਡਿਆ ਕਰ। ਤੈਨੂੰ ਦਾਤੇ ਨੇ ਹੋਂਦ ਦਿੱਤੀ ਹੈ ਜਿਸ ਦਾ ਤੈਨੂੰ ਮਾਣ ਹੈ। ਪਰ ਦੁਨੀਆਂ ਦਾ ਵਰਤਾਰਾ ਇਹ ਹੈ ਕਿ ਸਾਂਈਂ ਜਿਸ ਨੂੰ ਬਹੁਤੀ ਦਿੰਦਾ ਹੈ, ਉਨੀ ਬਹੁਤੀ ਦਾ ਹਿਸਾਬ ਵੀ ਉਸ ਤੋਂ ਲੈਂਦਾ ਹੈ। ਜਿਸਨੂੰ ਥੋੜ੍ਹੀ ਦਿੰਦਾ ਹੈ, ਉਸਦਾ ਥੋੜ੍ਹਾ ਲੇਖਾ ਹੁੰਦਾ ਹੈ। ਜਿਸਨੂੰ ਅਣਹੋਂਦ ਦਿੰਦਾ ਹੈ ਉਸਦਾ ਲੇਖਾ ਦੇਣ ਵੇਲੇ ਹੀ ਨਿੱਬੜ ਜਾਂਦਾ ਹੈ। ਚੌਧਰੀ ਦੇ ਅੰਦਰ ਬਹੁਤੀ ਮਾਇਆ ਦਾ ਮਾਣ ਸੀ ਪਰ ਸਾਹਿਬਾਂ ਦੇ ਬੋਲਾਂ ਦੇ ਬਾਣਾਂ ਨੇ ਚੜ੍ਹੇ ਤੀਰ ਵਾਂਗ ਘਾਉ ਕਰ ਦਿੱਤਾ। ਆਤਮਾ ਝੰਜੋੜੀ ਗਈ। “ਸਾਂਈਂ ਲੇਖਾ ਵੀ ਲਵੇਗਾ?” “ਹਾਂ ਥੋੜ੍ਹੀ ਵਾਲੇ ਦਾ ਥੋੜ੍ਹਾ, ਬਹੁਤੀ ਵਾਲੇ ਦਾ ਬਹੁਤਾ”, ਪਾਤਸ਼ਾਹ ਨੇ ਦੱਸਿਆ। ਹਜ਼ੂਰ ਨੇ ਅੱਗੇ ਕਿਹਾ ਕਿ ਭਾਈ! ਸੰਸਾਰ ਇਕ ਖੇਲ ਅਖਾੜਾ ਹੈ, ਇਹ ਮੁੱਕਦਾ ਹੈ। ਮੌਤ ਇਸ ਨੂੰ ਮੁਕਾ ਦਿੰਦੀ ਹੈ। ਕਿੱਥੇ ਹਨ ਪਿਤਾ-ਪਿਤਾਮਾ ਬਹੁਤੀਆਂ ਵਾਲੇ? ਚਲੇ ਗਏ ਬਹੁਤੀਆਂ ਛੱਡ ਕੇ। ਚੌਧਰੀ ਜੀ! ਇਥੇ ਜਗਤ ਅਖਾੜੇ ਵਿਚ ਜਿਸ ਨੂੰ ਸਾਂਈਂ ਥਾਪੜਾ ਦੇਵੇਗਾ ਉਹ ਜਿੱਤ ਜਾਵੇਗਾ। ਅੱਗੇ ਬਹੁਤੀ ਮਾਇਆ, ਬਹੁਤੇ ਜ਼ੋਰ ਅਤੇ ਉੱਚੀ ਜਾਤ ਦੀ ਪੁੱਛ ਨਹੀਂ, ਅੱਗੇ ਤਾਂ ਜੀਉ ਨਿਵਦਾ ਹੈ। ਗੁਰੂ ਨਾਨਕ ਪਾਤਸ਼ਾਹ ਦਾ ਵਾਕ ਹੈ:

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥

ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ (ਅੰਗ ੪੬੯)

ਚੌਧਰੀ ਦਾ ਅੰਦਰ ਕੰਬ ਗਿਆ ਤੇ ਨਰਮ ਹੋ ਕੇ ਪੁੱਛਿਆ- "ਫਿਰ ਕੀ ਹੋਵੇ ਜੀ?" ਸਾਹਿਬਾਂ ਨੇ ਕਿਹਾ, "ਆਪਣਾ ਜਨਮ ਸੁਆਰ। ਨਵਾਂ ਨਰੋਆ ਹੋ ਜਾ। ਬਹੁਤੀ ਮਿਲੀ ਦਾ ਮਾਨ ਛੱਡ ਕੇ ਥੋੜ੍ਹੀ ਵਾਲਿਆਂ ਨਾਲ ਵੰਡ ਕੇ ਖਾਹ, ਲੋੜਵੰਦਾਂ 'ਤੇ ਖਰਚ। ਫੇਰ ਦੇਣ ਵਾਲੇ ਨੂੰ ਸਾਲਾਹ, ਕਹਿ, "ਧੰਨ ਦਾਤਾ ਤੂੰ ਦੇਣਹਾਰ ਹੈਂ। ਉਸਨੂੰ ਯਾਦ ਰੱਖ, ਪਿਆਰ ਕਰ। ਉਹ ਜੋ ਤੈਨੂੰ ਚਾਨਣ ਦੇਵੇ ਬਹੁਤੀ ਨੂੰ ਸਫਲ ਕਰਨ ਦਾ ਉਸ ਤੋਂ ਹੋਰ ਨਾ ਮੰਗ, ਉਸਤੋਂ ਉਸਨੂੰ ਮੰਗ। ਦਾਤਾ ਤੋਂ ਦਾਤਾਂ ਨਾ ਮੰਗ, ਦਾਤਾ ਮੰਗ। ਦਾਤਾਂ ਨਾਲੋਂ ਦਾਤਾ ਵਧੇਰੇ ਮੁੱਲਵਾਨ ਹੈ। ਦਾਤਾ ਤੋਂ ਇਹ ਮੰਗ ਕਿ ਮੇਰੇ ਅੰਦਰ ਵੱਸੋ। ਉਸਨੂੰ ਪਿਆਰ ਕਰ, ਉਹ ਅੰਦਰ ਵੱਸ ਜਾਏਗਾ। ਜਦੋਂ ਅੰਦਰ ਵੱਸ ਗਿਆ ਤਾਂ ਸਭ ਸੁਖ ਹੋਣਗੇ। ਕੋਈ ਲੇਖਾ ਨਹੀਂ ਪੁੱਛੇਗਾ।" ਪਾਤਸ਼ਾਹ ਦੇ ਪਾਵਨ ਬਚਨ ਸੁਣ ਕੇ ਚੌਧਰੀ ਬਖਤਾਵਰ ਦੀ ਸੁਰਤ ਪ੍ਰਭੂ ਦੇ ਘਰ ਚੜ੍ਹ ਗਈ। ਚੌਧਰੀ ਨੇ ਪਾਤਸ਼ਾਹ ਦੇ ਚਰਨਾਂ 'ਤੇ ਸਿਰ ਰੱਖ ਦਿੱਤਾ। ਦਾਤਾ ਨੇ ਨਾਮ ਦੀ ਦਾਤ ਦੇ ਕੇ ਮਾਇਆ ਦੇ ਅਭਿਮਾਨੀ ਚੌਧਰੀ ਬਖਤਾਵਰ ਦਾ ਉਧਾਰ ਕੀਤਾ ਤੇ ਸਿੱਖ ਬਣਾਇਆ।

# ਕਾਜ਼ੀ ਨੂਰਦੀਨ ਦੇ ਸਿੱਖਾਂ ਪ੍ਰਤੀ ਮਨੋਭਾਵ

ਡਾ. ਅਮਰਜੀਤ ਕੌਰ ਇੱਬਣ ਕਲਾਂ

"ਜੰਗਨਾਮਾ" ਰਚਨਾ ਕਾਜ਼ੀ ਨੂਰਦੀਨ ਦੀ ਹੈ। ਇਹ ਬਲੋਚਿਸਤਾਨ ਦੇ ਸ਼ਹਿਰ ਗੰਜਾਬੇ ਦਾ ਰਹਿਣ ਵਾਲਾ ਸੀ। ਅਹਿਮਦਸ਼ਾਹ ਅਬਦਾਲੀ ਜਦੋਂ ਸੱਤਵੀਂ ਵਾਰ (੧੭੬੪ ਈ.) ਵਿਚ ਪੰਜਾਬ ਵੱਲ ਆਇਆ ਸੀ ਤਾਂ ਉਸ ਸਮੇਂ ਅਹਿਮਦਸ਼ਾਹ ਦੇ ਨਾਲ ਬਲੋਚਾਂ ਦਾ ਸਰਦਾਰ ਨਸੀਰ ਖਾਂ ਵੀ ਆਪਣੀ ਬਾਰ੍ਹਾਂ ਹਜ਼ਾਰ ਬਲੋਚਾਂ ਦੀ ਫ਼ੌਜ ਸਮੇਤ ਉਸ ਦੇ ਨਾਲ ਸੀ ਅਤੇ ਕਾਜ਼ੀ ਨੂਰ ਮੁਹੰਮਦ ਵੀ ਇਨ੍ਹਾਂ ਦੇ ਨਾਲ ਸੀ।

ਕਾਜ਼ੀ ਨੂਰਦੀਨ ਲਿਖਦਾ ਹੈ ਕਿ ਇਕ ਦਿਨ ਮੁਹੰਮਦ ਨਸੀਰ ਖਾਂ ਆਪਣੀ ਰਾਜਧਾਨੀ ਕਲਾਤ ਵਿਚ ਮਜਲਸ ਲਾਈ ਬੈਠਾ ਸੀ ਤੇ ਹੱਜ ਕਰਨ ਦੀਆਂ ਸਲਾਹਾਂ ਕਰ ਰਿਹਾ ਸੀ ਕਿ ਇਕ ਦਰਬਾਨ ਆਇਆ ਤੇ ਉਸ ਨੇ ਦੱਸਿਆ ਕਿ ਹੁਣੇ ਹੀ ਡੇਰੇ ਤੋਂ ਖ਼ਬਰ ਆਈ ਹੈ ਕਿ ਸਿੱਖਾਂ ਨੇ ਲਾਹੌਰ ਤੋਂ ਡੇਰੇ ਤੀਕ ਸਾਰਾ ਦੇਸ਼ ਗਾਹ ਮਾਰਿਆ ਹੈ. . . । ਇਹ ਸੁਣ ਕੇ ਖਾਨ ਨੂੰ ਬੜਾ ਜੋਸ਼ ਆਇਆ। ਉਸ ਨੇ ਕਿਹਾ, ਹੈਫ ਕਿ ਇਨ੍ਹਾਂ ਕਾਫਰਾਂ ਦਾ ਮੋਮਨਾਂ ਉੱਤੇ ਜ਼ੋਰ ਪੈ ਗਿਆ ਹੈ। ਜੋ ਦੇਸ਼ ਅੱਗੇ ਦਾਰ-ਉਲ-ਇਸਲਾਮ ਸੀ ਉਹ ਹੁਣ ਦਾਰ-ਉਲ-ਹਰਬ ਬਣ ਗਿਆ ਹੈ। ਇਸ ਕਰਕੇ ਅਹਿਲ-ਏ-ਇਸਲਾਮ ਨੂੰ ਬੜਾ ਦੁਖ ਹੋਇਆ ਹੈ। ਮੇਰੇ ਲਈ ਵਾਜਬ ਹੈ ਕਿ ਮੈਂ ਪਹਿਲਾਂ ਇਹ ਦੀਨ ਦੀ ਜੰਗ ਕਰਾਂ ਤੇ ਬੇਦੀਨਾਂ ਨੂੰ ਕਤਲ ਕਰਾਂ। ਕਾਫਰਾਂ ਦੇ ਸਿਰ ਉੱਤੇ ਤਲਵਾਰ ਝਾੜਾਂ। ਇਨ੍ਹਾਂ ਦਾ ਸਿਰ ਵੱਢਾਂ, ਸੀਨਾਂ ਪਾੜਾਂ ਤੇ ਇਨ੍ਹਾਂ ਦੋਜ਼ਖੀਆਂ ਦੀ ਐਸੀ ਬਾਬ ਕਰਾਂ ਕਿ ਫਰਿਸ਼ਤੇ ਵਾਹ-ਵਾਹ ਆਖਣ।

ਫਿਰ ਉਸ ਨੇ ਉਲਮਾਵਾਂ ਪਾਸੋਂ ਫਤਵਾ ਮੰਗਿਆ, ਸਭ ਨੇ ਕਿਹਾ ਕਿ ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਹੈ। ਪਰ ਪਹਿਲਾਂ ਆਪਣੇ ਬਾਦਸ਼ਾਹ ਅਹਿਮਦਸ਼ਾਹ ਪਾਸੋਂ ਆਗਿਆ ਲੈ ਲੈਣੀ ਚਾਹੀਦੀ ਹੈ। ਫਿਰ ਇਕ ਅਰਜ਼ੀ ਲਿਖ ਕੇ ਬਾਦਸ਼ਾਹ ਵੱਲ ਭੇਜ ਦਿੱਤੀ ਗਈ। ਪਰ ਉਸੇ ਵੇਲੇ ਅਹਿਮਦਸ਼ਾਹ ਨੇ ਇਕ ਖਤ ਨਸੀਰ ਖਾਨ ਵੱਲ ਘੱਲਿਆ ਕਿ ਸਿੱਖਾਂ ਨੇ ਲਾਹੌਰ, ਮੁਲਤਾਨ ਦਾ ਇਲਾਕਾ ਆਪਣੇ ਕਬਜ਼ੇ ਹੇਠ ਕਰ ਲਿਆ ਹੈ। ਮਸੀਤਾਂ ਢਾਹ ਦਿੱਤੀਆਂ ਹਨ। ਮੁਸਲਮਾਨਾਂ ਨੂੰ ਕੈਦ ਕਰ ਕੇ ਲੈ ਗਏ ਹਨ ਅਤੇ ਦੀਨ ਦੀਆਂ ਰਸਮਾਂ ਨੂੰ ਬੰਦ ਕਰ ਦਿੱਤਾ ਹੈ। ਤੂੰ ਹੱਜ ਨੂੰ ਜਾਂਦਾ ਹੈ। ਇਨ੍ਹਾਂ ਨਾਲ ਜ਼ਹਾਦ ਕਰਨਾ ਹੱਜ ਨਾਲੋਂ ਕਈ ਦਰਜੇ ਵੱਧ ਹੈ। ਇੱਧਰੋਂ ਮੈਂ ਤੁਰਦਾ ਹਾਂ ਤੇ ਉਧਰੋਂ ਤੂੰ ਤੁਰ ਤੇ ਅਸੀਂ ਦੋਵੇਂ ਰਲ ਕੇ ਇਨ੍ਹਾਂ ਦੀ ਜੜ੍ਹ ਮੇਖ ਪੁੱਟ ਸੁੱਟੀਏ, ਇਨ੍ਹਾਂ ਦੇ ਘਰ-ਬਾਰ ਫੂਕੀਏ ਤੇ ਇਨ੍ਹਾਂ ਦੀਆਂ ਤੀਵੀਆਂ ਤੇ ਬੱਚਿਆਂ ਨੂੰ ਕੈਦ ਕਰੀਏ !

ਨਸੀਰ ਖਾਂ ਤਾਂ ਇਹ ਚਾਹੁੰਦਾ ਸੀ ਕਿ ਮੈਂ ਕਾਫ਼ਰਾਂ ਨੂੰ ਮਾਰ ਸੁੱਟਾਂ। ਹਰ ਪਾਸੇ ਗਾਜ਼ੀ ਇਕੱਠੇ ਹੋਣ ਲੱਗੇ। ਉਨ੍ਹਾਂ ਨੇ ਪੋਸਤੀਨਾਂ ਪਾਈਆਂ ਹੋਈਆਂ ਸਨ। ਹੱਥਾਂ ਵਿਚ ਬੰਦੂਕਾਂ ਸਨ। ਨਸੀਰ ਖਾਂ ਬੜੇ ਧੂਮ-ਧੜੱਕੇ ਨਾਲ ਕਲਾਤ ਤੋਂ ਤੁਰਿਆ। ਅਗਲੀ ਮੰਜ਼ਲ ਗੰਜਾਬੇ ਹੋਈ, ਜਿੱਥੇ ਸਹਾਬਨੀ, ਲਾਸ਼ਾਰ ਤੇ ਰੰਦ ਗੋਤ ਦੇ ਕੱਛੀ ਬਲੋਚ ਵੀ ਆ ਗਏ।

ਇੱਥੋਂ ਤੁਰਨ ਲੱਗਿਆਂ ਕਾਜ਼ੀ ਨੂਰਦੀਨ ਵੀ ਗਾਜ਼ੀ ਬਣਨ ਦੀ ਹਿਰਸ ਨਾਲ ਰਲ ਗਿਆ ਅਤੇ ਖਾਨ ਨੇ ਕਿਹਾ- ''ਅੱਛਾ ਜੇ ਤੂੰ ਹੁਣ ਸਾਡੇ ਨਾਲ ਚੱਲਿਆ ਹੈਂ ਤਾਂ ਸਾਡੀ ਬਹਾਦਰੀ ਦੀ ਕਵਿਤਾ ਵੀ ਤਿਆਰ ਕਰ ਦੇਵੀਂ ! ਬੁੱਢੇ ਕਾਜ਼ੀ ਨੇ ਜਿਸ ਦੀ ਦਾੜ੍ਹੀ ਚਿੱਟੀ ਹੋ ਚੁੱਕੀ ਸੀ, ਇਸ ਗੱਲ ਨੂੰ ਮੰਨ ਗਿਆ।

ਇਹ ਅਹਿਮਦਸ਼ਾਹ ਅਬਦਾਲੀ ਦਾ ਸੱਤਵਾਂ ਹਮਲਾ ਸੀ। ਇਸ ਵਿਚ ਕਾਜ਼ੀ ਨੂਰਦੀਨ ਬੇਸ਼ੱਕ ਇਕ-ਪਾਸੜ ਹੋ ਕੇ ਲਿਖਦਾ ਹੈ। ਉਹ ਥਾਂ-ਥਾਂ ਸਿੰਘਾਂ ਨੂੰ ਸਗ, ਸੂਰ, ਪਲੀਤ ਤੇ ਹੋਰ ਅਨੇਕਾਂ ਬੁਰੇ ਨਾਵਾਂ ਨਾਲ ਸੰਬੋਧਨ ਕਰਦਾ ਹੈ, ਪਰ ਇਸ ਵਿਚ ਕਾਜ਼ੀ ਦਾ ਕੋਈ ਕਸੂਰ ਨਹੀਂ, ਕਿਉਂਕਿ ਉਹ ਆਇਆ ਹੀ ਉਨ੍ਹਾਂ ਵੱਲੋਂ ਸੀ। ਬੇਸ਼ੱਕ ਉਹ ਸਿੰਘਾਂ ਨੂੰ ਬੁਰੇ ਨਾਵਾਂ ਨਾਲ ਲਿਖਦਾ ਹੈ, ਪਰ ਉਸ ਦੀ ਕਲਮ ਸਿੰਘਾਂ ਦੀ ਸਿਫ਼ਤ ਵੀ ਕਰ ਜਾਂਦੀ ਹੈ। ਕਈ ਸਿਫ਼ਤਾਂ ਦੀਆਂ ਇਹੋ ਜਿਹੀਆਂ ਗੱਲਾਂ ਬਣ

ਜਾਂਦੀਆਂ ਹਨ ਕਿ ਹੈਰਾਨ ਰਹਿ ਜਾਈਦਾ ਹੈ। ਜਿਨ੍ਹਾਂ ਗੱਲਾਂ ਦਾ ਸਾਨੂੰ ਪਤਾ ਹੀ ਨਹੀਂ, ਉਹ ਪਤਾ ਲੱਗਦੀਆਂ ਹਨ। ਸਿੰਘਾਂ ਦੀਆਂ ਤੇ ਇਨ੍ਹਾਂ ਦੀਆਂ ਕਈ ਜੰਗਾਂ ਹੋਈਆਂ। ਇਨ੍ਹਾਂ ਜੰਗਾਂ ਵਿਚ ਸਿੰਘਾਂ ਦੀ ਤੇ ਗਿਲਜ਼ਿਆਂ ਦੀ ਆਪਸੀ ਜੰਗ ਅਮੇਚ ਸੀ। ਕਿੱਥੇ ਲੋਹੇ ਨਾਲ ਮੜ੍ਹੇ ਹੋਏ ਚੰਗੇ ਹਥਿਆਰ, ਚੰਗੀ ਖ਼ੁਰਾਕ, ਵਧੀਆ ਘੋੜੇ, ਹਰ ਸੁੱਖ-ਸਹੂਲਤ ਪੂਰੀ ਸੀ, ਕੇਵਲ ਤੇ ਕੇਵਲ ਲੜਨਾ ਹੀ ਸੀ। ਦੂਜੇ ਪਾਸੇ ਸਿੰਘ ਜਿਨ੍ਹਾਂ ਦਾ ਕੋਈ ਘਰ-ਬਾਰ ਨਹੀਂ, ਕੁਝ ਖਾਣ ਨੂੰ ਨਹੀਂ, ਕੱਪੜਾ ਗਲ਼ ਪਾਉਣ ਨੂੰ ਨਹੀਂ, ਟੁੱਟੇ ਖੁੰਡੇ ਹਥਿਆਰ, ਬਿਨਾਂ ਕਾਠੀਓਂ ਘੋੜੇ, ਜੰਗਲੀ ਫ਼ਲਾਂ 'ਤੇ ਨਿਰਭਰ, ਕੇਵਲ ਤਨ ਢੱਕਣ ਜੋਗੇ ਬਸਤਰ ਤੇ ਗੁਰੂ ਦੇ ਪਿਆਰ ਵਿਚ ਰੰਗੇ, ਅਣਖੀ ਸੂਰਮੇ ਸਨ।

ਇਨ੍ਹਾਂ ਅਣਖੀ ਸੂਰਮਿਆਂ ਨੇ ਬਾਦਸ਼ਾਹ ਅਬਦਾਲੀ ਵਰਗਿਆਂ ਦੇ ਹੋਸ਼ ਉਡਾ ਦਿੱਤੇ ਸਨ। ਉਸ ਦੁਆਰਾ ਲੁੱਟਿਆ ਧਨ ਨਾਲ ਲੈ ਜਾਣ ਜੋਗਾ ਨਹੀਂ ਰਹਿਣ ਦਿੱਤਾ ਸੀ। ਸਿੰਘਾਂ ਦੀ ਬਹਾਦਰੀ ਬਾਰੇ ਬੇਵਸ ਹੋਇਆ ਕਾਜ਼ੀ ਨੂਰਦੀਨ ਲਿਖਦਾ ਹੈ:-

"ਸਿੰਘਾਂ ਨੂੰ ਸਗਾਂ (ਕੁੱਤੇ) ਨਾ ਕਹਿ, ਉਹ ਸ਼ੇਰ ਹਨ, ਉਹ ਮਰਦਾਂ ਦੇ ਮਰਦਾਨ ਸ਼ੇਰਾਂ ਵਾਂਗ ਦਲੇਰ ਹਨ। ਭਲਾ ਕੋਈ ਰਣ ਦਾ ਸੂਰਮਾ, ਜੋ ਲੜਾਈ ਵਿਚ ਸ਼ੀਂਹ ਵਾਂਗ ਬੁਕੇ ਕਦੇ ਸਗ ਹੋ ਸਕਦਾ ਹੈ? ਜੇਕਰ ਤੈਨੂੰ ਲੜਾਈ ਦਾ ਕਸਬ ਸਿੱਖਣ ਦੀ ਚਾਹ ਹੈ ਤਾਂ ਰਣ-ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਐਸੇ-ਐਸੇ ਢੰਗ ਸਿਖਾਉਣਗੇ ਕਿ ਸਾਰੇ ਪਏ ਵਾਹ-ਵਾਹ ਕਰਨਗੇ। ਹੇ ਤਲਵਾਰੀਏ, ਜੇਕਰ ਤੈਨੂੰ ਜੰਗ ਦਾ ਹੁਨਰ ਸਿੱਖਣ ਦੀ ਚਾਹ ਹੈ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਸ ਤਰ੍ਹਾਂ ਮਰਦਾਂ ਵਾਂਗ ਵੈਰੀ ਦੇ ਸਾਹਮਣੇ ਹੋਣਾ ਚਾਹੀਦਾ ਹੈ ਤੇ ਕਿਸ ਤਰ੍ਹਾਂ ਲੜਾਈ ਵਿੱਚੋਂ ਆਪਣੇ ਆਪ ਨੂੰ ਸਾਫ਼ ਬਚਾ ਲਿਜਾਣਾ ਚਾਹੀਦਾ ਹੈ। ਇਨ੍ਹਾਂ ਦਾ ਲਕਬ ਸਿੰਘ ਹੈ। ਇਹ ਨਿਆਉਂ ਦੀ ਗੱਲ ਨਹੀ ਕਿ ਇਨ੍ਹਾਂ ਨੂੰ ਸਗ ਕਹਿਆ ਜਾਵੇ। ਹਿੰਦ ਦੀ ਬੋਲੀ ਵਿਚ ਸਿੰਘ ਨੂੰ ਸ਼ੇਰ ਕਹਿੰਦੇ ਹਨ ਅਤੇ ਲੜਾਈ ਦੇ ਸਮੇਂ ਤਾਂ ਇਹ ਸੱਚਮੁੱਚ ਹੀ ਸ਼ੇਰ ਹਨ!"

"ਜਦ ਇਹ ਹੱਥ ਵਿਚ ਤੇਗ਼ ਫੜ੍ਹਦੇ ਹਨ ਤਾਂ ਸਿੰਧ ਤੀਕ ਮਾਰੋ ਮਾਰ ਕਰਦੇ ਚਲੇ ਜਾਂਦੇ ਹਨ। ਕੋਈ ਆਦਮੀ ਇਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ ਭਾਵੇਂ ਉਹ ਕਿੰਨਾ ਵੀ ਜਰਵਾਣਾ ਕਿਉਂ ਨਾ ਹੋਵੇ। ਜਦੋਂ ਇਹ ਹੱਥ ਵਿਚ ਨੇਜਾ ਫੜ੍ਹਦੇ ਹਨ, ਤਾਂ ਵੈਰੀ ਦੀ ਸੈਨਾ ਵਿਚ ਭਾਜੜ ਪਾ ਦਿੰਦੇ ਹਨ। ਜਦ ਉਹ ਨੇਜੇ ਦੀ ਅਣੀ ਉਤਾਂਹ ਚੁੱਕਦੇ ਹਨ ਤਾਂ ਅੱਗੇ ਭਾਂਵੇ ਕੋਹ ਕਾਫ ਹੋਵੇ, ਇਹ ਉਸ ਨੂੰ ਵੀ ਸੀਰਾ ਕਰ ਦਿੰਦੇ ਹਨ। ਜਦ ਇਹ ਕਮਾਨ ਦਾ ਚਿਲ੍ਹਾ ਚਾੜਦੇ ਹਨ ਤਾਂ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰੱਖਦੇ ਹਨ। ਫਿਰ ਚਿਲ੍ਹਾ ਖਿੱਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਥਰ-ਥਰ ਕੰਬਣ ਲੱਗ ਪੈਂਦਾ ਹੈ।"

ਕਾਜ਼ੀ ਨੂਰਦੀਨ ਅੱਗੇ ਕਹਿੰਦਾ ਹੈ:-

"ਇਨ੍ਹਾਂ ਦਾ ਸਰੀਰ ਦੇਖੋ ਤਾਂ ਪਾਸਿਉਂ ਇਉਂ ਜਾਪਦਾ ਹੈ, ਜਿਵੇਂ ਕਿਸੇ ਪਹਾੜੀ ਦਾ ਟਿੱਲਾ ਹੋਵੇ। ਡੀਲ-ਡੌਲ ਵਿਚ ਇਕ ਜਣਾ ਪੰਜਾਹ ਮਰਦਾਂ ਤੋਂ ਵਧੀਕ ਹੈ। ਕਹਿੰਦੇ ਹਨ ਕਿ ਬਹਿਰਾਮ ਗੋਰ ਗੋਰਾ ਦਾ ਸ਼ਿਕਾਰ ਕਰਦਾ ਸੀ ਤੇ ਸ਼ੇਰਾਂ ਦੀਆਂ ਚੀਕਾਂ ਕਢਾ ਦਿੰਦਾ ਸੀ, ਪਰ ਜੇਕਰ ਬਹਿਰਾਮ ਗੋਰ ਇਨ੍ਹਾਂ ਦੇ ਸਾਹਮਣੇ ਆ ਜਾਵੇ ਤਾਂ ਉਹ ਵੀ ਇਨ੍ਹਾਂ ਅੱਗੇ ਸਿਰ ਨੀਵਾਂ ਕਰ ਦੇਵੇ।"

"ਲੜਾਈ ਦੇ ਸਮੇਂ ਜਦ ਇਹ ਬੰਦੂਕ ਫੜਦੇ ਹਨ ਤਾਂ ਸ਼ੇਰਾਂ ਵਾਂਗ ਬੁੱਕਦੇ ਤੇ ਪੈਲਾਂ ਪਾਉਂਦੇ ਰਣ-ਭੂਮੀ ਵਿਚ ਆਉਂਦੇ ਹੀ ਕਈਆਂ ਦੇ ਸੀਨੇ ਚੀਰ ਘੱਤਦੇ ਹਨ। ਇਉਂ ਸਮਝੋ ਕਿ ਇਹ ਬੰਦੂਕ ਪਿਛਲੇ ਸਮੇਂ ਇਨ੍ਹਾਂ ਨੇ ਹੀ ਬਣਾਈ ਹੈ, ਲੁਕਮਾਨ ਨੇ ਨਹੀਂ ਬਣਾਈ ਹੋਣੀ। ਭਾਵੇਂ ਬੰਦੂਕਾਂ ਤਾਂ ਹਰ ਕਿਸੇ ਪਾਸ ਬਥੇਰੀਆਂ ਹਨ, ਪਰ ਇਨ੍ਹਾਂ ਨਾਲੋਂ ਵੱਧ ਕੇ ਇਸ ਦਾ ਜਾਨਣ ਵਾਲਾ ਕੋਈ ਨਹੀਂ। ਇਹ ਸੱਜੇ, ਖੱਬੇ, ਅੱਗੇ, ਪਿੱਛੇ ਲਗਾਤਾਰ ਗੋਲ਼ੀਆਂ ਦਾਗੀ ਜਾਂਦੇ ਹਨ। ਜੇਕਰ ਮੇਰੀ ਗੱਲ ਦਾ ਯਕੀਨ ਨਹੀਂ ਤਾਂ ਉਹ ਤੀਹ ਹਜ਼ਾਰ ਸੂਰਮੇ ਹਨ ਜੋ ਇਨ੍ਹਾਂ ਨਾਲ ਲੜ ਚੁੱਕੇ ਹਨ।

ਜੇਕਰ ਇਹ ਨੱਸ ਉੱਠਣ ਤਾਂ ਇਸ ਨੂੰ ਇਨ੍ਹਾਂ ਦੀ ਭਾਂਜ ਨਾ ਸਮਝ ਕਿ ਇਹ ਵੀ ਇਨ੍ਹਾਂ ਦੀ ਲੜਾਈ ਦਾ ਇਕ ਢੰਗ ਹੈ। ਵੇਖੀਂ ਇਨ੍ਹਾਂ ਦੀ ਇਸ ਫਾਹੀ ਤੋਂ ਬਚੀਂ ਇਹ ਢੰਗ ਇਸ ਲਈ ਕੀਤਾ ਜਾਂਦਾ ਹੈ ਕਿ ਵੈਰੀ ਤਕੜਾ ਹੋ ਕੇ ਇਨ੍ਹਾਂ ਦੇ ਮਗਰ ਪੈਂਦਾ ਹੈ ਅਤੇ ਇਕ ਆਪਣੇ ਲਸ਼ਕਰ ਤੋਂ ਅੱਡ ਹੋ ਕੇ ਸਹਾਇਤਾ ਤੋਂ ਦੂਰ ਚਲਿਆ ਜਾਂਦਾ ਹੈ, ਤਦ ਇਹ ਪਿੱਛੇ ਮੁੜ ਪੈਂਦੇ ਹਨ

ਅਤੇ ਫਿਰ ਪਾਣੀ ਵਿਚ ਵੀ ਅੱਗ ਲਾ ਦਿੰਦੇ ਹਨ। ਐ ਸੂਰਮੇ ! ਤੂੰ ਆਪ ਹੀ ਨਿਆਂ ਕਰ ਕਿ ਇਨ੍ਹਾਂ ਦੀ ਲੜਾਈ ਕੈਸੀ ਹੈ। ਇਨ੍ਹਾਂ ਪਿਸ਼ੌਰ ਤੇ ਮੁਲਤਾਨ ਸ਼ਹਿਰ ਨੂੰ ਅੰਦਰ ਵੜ ਕੇ ਸੁੱਟ ਖਾਧਾ ਹੈ। ਅੱਜ ਤੀਕ ਕਿਸੇ ਨੇ ਮੁਲਤਾਨ ਦੀ ਹੋ ਐਸੀ ਬਾਬ ਨਹੀਂ ਕੀਤੀ ਸੀ ਜੋ ਇਨ੍ਹਾਂ ਨੇ ਕੀਤੀ ਹੈ।

ਇਨ੍ਹਾਂ ਦੀ ਲੜਾਈ ਤੋਂ ਵੱਧ ਕੇ ਇਕ ਹੋਰ ਗੱਲ ਵੀ ਸੁਣ ਜਿਸ ਵਿਚ ਇਹ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਵਧੇ ਹੋਏ ਹਨ। ਇਹ ਨਿਹੱਥੇ 'ਤੇ ਵਾਰ ਨਹੀਂ ਕਰਦੇ – ਨਾ ਕਿਸੇ ਨੱਸੇ ਜਾਂਦੇ 'ਤੇ ਵਾਰ ਕਰਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ – ਰੁਪਿਆ ਲੁੱਟਦੇ ਹਨ। ਤ੍ਰੀਮਤ ਭਾਵੇਂ ਰਾਣੀ ਹੋਵੇ ਜਾਂ ਗੋਲੀ ਬਾਂਦੀ ਇਹ ਕਦੇ ਵਿਭਚਾਰ ਨਹੀਂ ਕਰਦੇ। ਭਾਵੇਂ ਜੁਆਨ ਹੋਵੇ ਜਾਂ ਬੁੱਢੀ ਉਸ ਨੂੰ ਇਹ ਬੁੱਢੀ ਹੀ ਆਖਦੇ ਹਨ। ਹਿੰਦੀ ਵਿਚ ਬੁੱਢੀ ਦਾ ਅਰਥ ਹੈ ਵੱਡੀ ਉਮਰ ਵਾਲੀ ਇਸਤਰੀ। ਇਹ ਨਾ ਚੋਰੀ ਕਰਦੇ ਹਨ ਤੇ ਨਾ ਹੀ ਸੰਨ੍ਹ ਮਾਰਦੇ ਹਨ ਤੇ ਨਾ ਹੀ ਚੋਰ ਜਾਂ ਸੰਨ੍ਹ ਲਾਉਣ ਵਾਲੇ ਨੂੰ ਮਿੱਤਰ ਬਣਾਉਂਦੇ ਹਨ। "

ਇਹ ਮਿਸਲ ਕਾਲ ਦਾ ਉਹ ਸਮਾਂ ਹੈ, ਜਦੋਂ ਮਿਸਲਾਂ ਦੇ ਸਿੱਖ ਸਰਦਾਰਾਂ ਨੇ ਸਾਰਾ ਪੰਜਾਬ ਆਪਣੇ 'ਰਾਖੀ ਪ੍ਰਬੰਧ' ਹੇਠ ਲੈ ਆਂਦਾ ਸੀ। ਅਬਦਾਲੀ ਦੀ ਕੋਈ ਪੇਸ਼ ਨਹੀਂ ਸੀ ਜਾਣ ਦਿੱਤੀ । ਉਸ ਨੂੰ ਕਈ ਥਾਈਂ ਸਿੰਘਾਂ ਨੇ ਬੁਰੀ ਤਰ੍ਹਾਂ ਭਾਂਜ ਦਿੱਤੀ ਸੀ, ਪਰ ਸਮੇਂ ਤੇ ਸਥਿਤੀ ਦੇ ਅਨੁਕੂਲ ਤਤਕਾਲ ਫੈਸਲਾ ਲੈ ਕੇ ਪੈਂਤੜੇ ਬਦਲ ਲੈਂਦੇ ਸਨ। ਸਿੱਖਾਂ ਨੇ ਪਿਸ਼ਾਵਰ ਤੋਂ ਅਗਾਂਹ ਧੰਨੀ ਚਿੰਨਉਟ ਤਕ ਮੱਲਾਂ ਮਾਰ ਲਈਆਂ ਸਨ । ਕਾਜ਼ੀ ਨੂਰਦੀਨ ਦੀ ਲਿਖਤ 'ਜੰਗਨਾਮੇ' ਅਨੁਸਾਰ– "ਝੰਡਾ ਸਿੰਘ ਨੇ ਚਿੰਨੀਓਟ ਮੱਲੀ ਹੋਈ ਹੈ।

ਚੱਠਿਆਂ ਦਾ ਤੇ ਝੰਗ ਦਾ ਸਾਰਾ ਇਲਾਕਾ ਹਰੀ ਸਿੰਘ ਭੰਗੀ ਪਾਸ ਹੈ। ਜੱਸਾ ਸਿੰਘ ਤਰਖਾਣ (ਰਾਮਗੜ੍ਹੀਆ) ਪਾਸ ਕਲਾਨੌਰ ਹੈ। " ਇਤਿਆਦਿ ਲਿਖਦਾ ਹੈ।

ਇਸੇ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਆਪਣੇ ਆਪ ਨੂੰ ਸੁਰੱਖਿਅਤ ਸਮਝ ਕੇ ਬਿਆਸ ਦਰਿਆ ਪਾਰ ਕਰ ਕੇ ਅਜੇ ਅਗਾਂਹ ਹੁੰਦਾ ਹੀ ਹੈ ਕਿ ਅੱਗੋਂ ਸਿੰਘ ਟੱਕਰ ਜਾਂਦੇ ਹਨ। ਉਹ ਰਾਹ ਰੋਕ ਲੈਂਦੇ ਹਨ। ਨਸੀਰ ਖਾਂ ਅਤੇ ਅਬਦਾਲੀ ਦੀ ਤੀਹ ਹਜ਼ਾਰ ਫ਼ੌਜ ਸਾਹਮਣੇ ਸਿੰਘ ਕੁਝ ਸੈਂਕੜਿਆਂ ਦੀ ਗਿਣਤੀ ਵਿਚ ਖੜੇ ਹਨ। ਉਸ ਵੇਲੇ ਦੇ ਨਜ਼ਾਰੇ ਨੂੰ ਕਾਜ਼ੀ ਇਸ ਤਰ੍ਹਾਂ ਬਿਆਨ ਕਰਦਾ ਹੈ :–

"ਓਧਰ ਸਿੱਖ ਵੀ ਆਪਣੀ ਸੈਨਾ ਲਈ ਵਧੇ ਆਉਂਦੇ ਸਨ। ਉਨ੍ਹਾਂ ਦੀ ਸੈਨਾ ਦੇ ਵਿਚਕਾਰ ਜੱਸਾ ਸਿੰਘ ਕਲਾਲ (ਆਹਲੂਵਾਲੀਆ) ਸੀ, ਜੋ ਪਹਾੜ ਵਾਂਗ ਡਟਿਆ ਹੋਇਆ ਸੀ। ਇਸ ਦੇ ਨਾਲ ਹੀ ਦੂਜਾ ਜੱਸਾ ਸਿੰਘ (ਰਾਮਗੜ੍ਹੀਆ) ਸੀ ਜਿਹੜਾ ਡੀਲ ਡੋਲ ਵਿਚ ਬਿਫਰਿਆ ਸ਼ੇਰ ਵਰਗਾ ਲੱਗ ਰਿਹਾ ਸੀ। ਹੋਰ ਵੀ ਕਈ ਸੂਰਮੇ ਮਿਸਲਾਂ ਦੇ ਸਰਦਾਰ ਸਨ। ਸੱਜੇ ਹੱਥ ਜੱਸਾ ਸਿੰਘ ਰਾਮਗੜੀਆ ਦੇ ਨਾਲ ਚੜ੍ਹਤ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ) ਸੀ ਤੇ ਨਾਲ ਹਰੀ ਸਿੰਘ ਭੰਗੀ, ਗੁਲਾਬ ਸਿੰਘ, ਗੁੱਜਰ ਸਿੰਘ (ਭੰਗੀ ਮਿਸਲ ਦੇ ਪੰਜਵੜੀਏ) ਸਨ। "

ਬੇਸ਼ੱਕ ਕਾਜ਼ੀ ਨੂਰਦੀਨ ਸਿੰਘਾਂ ਨੂੰ ਸਗ ਕਹਿੰਦਾ ਹੈ। ਇਹ ਉਸ ਦੀ ਮਜ਼ਬੂਰੀ ਹੋ ਸਕਦੀ ਹੈ, ਪਰ ਸਾਨੂੰ ਉਸ ਦੀ ਲਿਖਤ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪ੍ਰਤੀ ਵਰਤੀ ਸ਼ਬਦਾਵਲੀ ਪਹਾੜ ਤੇ ਸਰਦਾਰ ਜੱਸਾ ਸਿੰਘ ਰਾਮਗੜੀਆ ਲਈ 'ਬਿਫਰਿਆ ਸ਼ੇਰ' ਲਿਖਣਾ ਆਦਿ ਤੋਂ ਉਸ ਵੇਲੇ ਦੇ ਸਿੰਘਾਂ ਦੇ ਫ਼ੌਜੀ ਕਿਰਦਾਰ, ਸੂਰਮਗਤੀ ਸ਼ਸਤਰ ਚਲਾਉਣ ਦੀ ਕਲਾ ਬਾਬਤ ਜਾਣਕਾਰੀ ਮਿਲਦੀ ਹੈ।

ਅਹਿਮਦ ਸ਼ਾਹ ਅਬਦਾਲੀ ਨੇ ਇਸੇ ਹਮਲੇ ਸਮੇਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਉੱਪਰ ਬਾਰੂਦ ਨਾਲ ਹਮਲਾ ਕੀਤਾ ਸੀ। ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਤੇ ਹੋਰ ਅਨੇਕਾਂ ਸਿੰਘਾਂ ਦੀਆਂ ਕੁਰਬਾਨੀਆਂ ਹੋਈਆਂ। ਦੂਜਾ ਵੱਡਾ ਘੱਲੂਘਾਰਾ ਹੋਇਆ। ਫਿਰ ਵੀ ਸਾਨੂੰ ਕਿਵੇਂ 'ਦੂਣ ਸਵਾਏ ਹੋਏ' ਦੇ ਸੰਕੇਤ ਮਿਲਦੇ ਹਨ। ਇਹ ਵੀ ਪਤਾ ਲੱਗਦਾ ਹੈ ਕਿ ਉਸ ਵੇਲੇ ਭੰਗੀ ਮਿਸਲ ਵਾਲਿਆਂ ਨੇ ਧੰਨੀ ਚਿੰਨਉਟ ਤਕ ਕਬਜ਼ਾ ਕਰ ਲਿਆ ਸੀ। ਪੇਸ਼ਾਵਰ, ਮੁਲਤਾਨ ਆਪਣੀ ਤਾਬਿਆ ਵਿਚ ਕਰ ਚੁੱਕੇ ਸਨ। ਸੱਚ ਇਹ ਹੈ ਕਿ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੇ ਖੋਜਾਰਥੀਆਂ ਲਈ ਇਹ ਲਾਹੇਵੰਦ ਦਸਤਾਵੇਜ਼ ਹੈ।

# ਗੁਰਮਤਿ ਰਹਿਣੀ ਦਾ ਹਿੱਸਾ: ਨਿਤਨੇਮ

ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ

ਨਿਤਨੇਮ ਦੋ ਸ਼ਬਦਾਂ ਦਾ ਜੋੜ ਹੈ। 'ਨਿਤ+ਨੇਮ'। 'ਨੇਮ' ਸ਼ਬਦ ਦੇ ਅਰਥ ਨਿਯਮ, ਅਸੂਲ, ਅਭਿਆਸ, ਪ੍ਰਤਿੱਗਿਆ, ਪ੍ਰਣ ਆਦਿਕ ਹਨ। ਭਾਵ ਹਰ ਰੋਜ਼ ਜਿਹੜਾ ਕੰਮ ਕੀਤਾ ਜਾਏ, ਉਸਨੂੰ ਨਿਤਨੇਮ ਆਖਿਆ ਜਾਂਦਾ ਹੈ। ਹਰ ਇਕ ਧਰਮ ਵਿਚ ਇਸ ਦੀ ਵੱਖ-ਵੱਖ ਮਹਾਨਤਾ ਹੈ। ਹਰ ਧਰਮ ਅੰਦਰ ਇਸਦਾ ਵੱਖ-ਵੱਖ ਨਿਤਨੇਮ ਅਤੇ ਸਮੇਂ ਦਾ ਬੰਧਾਨ ਵੀ ਕੀਤਾ ਹੋਇਆ ਹੈ। ਜਿਵੇਂ ਹਿੰਦੂ ਮੱਤ ਵਿਚ ਪੱਕਾ ਹਿੰਦੂ ਉਸ ਨੂੰ ਸਮਝਿਆ ਜਾਂਦਾ ਹੈ ਜਿਹੜਾ ਜੰਞ, ਟਿੱਕਾ, ਬੋਦੀ, ਧੋਤੀ, ਜਪਮਾਲੀ ਆਦਿ ਨਾਲ ਤਿੰਨ ਸਮੇਂ ਪਾਠ ਪੂਜਾ ਆਦਿ ਕਰਮ ਕਰਦਾ ਹੈ।

ਸਿੱਖ ਧਰਮ ਵਿਚ 'ਗੁਰਸਿੱਖ' ਪਦਵੀ ਦਾ ਉੱਤਮ ਅਧਿਕਾਰੀ ਉਹ ਮੰਨਿਆ ਜਾਂਦਾ ਹੈ ਜੋ ਗੁਰਮਤਿ ਰਹੁਰੀਤੀ ਅਨੁਸਾਰ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਮੂਲ ਮੰਤਰ, ਗੁਰ ਮੰਤਰ ਦਾ ਸਿਮਰਨ ਕਰਦਾ ਹੈ ਅਤੇ ਗੁਰਮਤਿ ਰਹਿਣੀ ਅਨੁਸਾਰ ਗੁਰਬਾਣੀ ਦਾ ਨਿਤਨੇਮ ਕਰਦਾ ਹੈ।

ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਨਿਤਨੇਮ ਦੀਆਂ ਬਾਣੀਆਂ ਦੀ ਰਹੁਰੀਤੀ ਅਤੇ ਆਕਾਰ ਅੱਜ ਨਾਲੋਂ ਵਿਭਿੰਨ ਸੀ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਤ ਨਿਤਨੇਮ ਦਾ ਵਰਣਨ ਕੀਤਾ ਹੈ:

ਫਿਰਿ ਬਾਬਾ ਆਇਆ ਕਰਤਾਰਪੁਰਿ, ਭੇਖੁ ਉਦਾਸੀ ਸਗਲ ਉਤਾਰਾ।...
ਸੋ ਦਰੁ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ। (ਵਾਰ ੧:੩੮)

ਜਦੋਂ ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਖਾਲਸਾ ਪੰਥ ਦੀ ਸਿਰਜਨਾ ਕੀਤੀ ਤਾਂ ਸੰਤ-ਸਿਪਾਹੀ ਵਾਲੇ ਗੁਣ ਖਾਲਸੇ ਨੂੰ ਪ੍ਰਦਾਨ ਕੀਤੇ ਭਾਵ ਸ਼ਾਂਤਮਈ ਬਾਣੀ ਨਾਲ ਬੀਰ-ਰਸੀ ਬਾਣੀ ਜੋੜ ਕੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰ ਦਿੱਤਾ। ਖਾਲਸੇ ਨੂੰ ਰਾਜ ਜੋਗੀ ਬਣਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਨੇਮ ਕਰਨ ਦਾ ਜੋ ਹੁਕਮ ਕੀਤਾ ਹੈ, ਉਹ ਜ਼ਰੂਰੀ ਹੈ। ਉਸ ਤੋਂ ਵੀ ਵੱਧ ਸਿੱਖ ਜਿਤਨੀ ਚਾਹੇ ਬਾਣੀ ਪੜ੍ਹ ਸਕਦਾ ਹੈ। ਪੁਰਾਤਨ ਗੁਰਸਿੱਖ ਪੰਜ ਗ੍ਰੰਥੀ, ਦਸ ਗ੍ਰੰਥੀ ਵਿਚ ਦਿੱਤੀਆਂ ਬਾਣੀਆਂ ਦਾ ਨਿਤਨੇਮ ਕਰਦੇ ਸਨ। ਜਿਸ ਜਗਿਆਸੂ ਦੇ ਹਿਰਦੇ ਵਿਚ ਪ੍ਰੇਮ ਉਤਪੰਨ ਨਹੀਂ ਹੋਇਆ ਉਸਨੂੰ ਸਮਝਣਾ ਚਾਹੀਦਾ ਹੈ ਕਿ ਉਸਦੇ ਨੇਮ ਵਿਚ ਕੋਈ ਕਸਰ ਹੈ ਕਿਉਂਕਿ ਨਿਤਨੇਮ ਕੋਈ ਦਿਖਾਵੇ ਲਈ ਨਹੀਂ ਬਲਕਿ ਪ੍ਰੇਮ ਪੈਦਾ ਕਰਨ ਲਈ ਹੁੰਦਾ ਹੈ। ਜਿਉਂ-ਜਿਉਂ ਨਿਤਨੇਮ ਬਾਣੀਆਂ ਦਾ ਪਾਠ ਕਰਨ ਨਾਲ ਸ਼ਬਦ-ਸੁਰਤ ਦਾ ਸੰਗਮ ਬਣਦਾ ਹੈ, ਤਿਉਂ-ਤਿਉਂ ਪ੍ਰਭੂ ਪ੍ਰੇਮ ਵਿਚ ਵਾਧਾ ਹੁੰਦਾ ਹੈ।

ਸਹਿਜੇ-ਸਹਿਜੇ ਜਗਿਆਸੂ ਦੀ ਅਵਸਥਾ ਇਥੋਂ ਤਕ ਅੱਪੜ ਜਾਂਦੀ ਹੈ ਕਿ ਉਸ ਦਾ ਜੀਵਨ-ਆਧਾਰ ਹੀ ਗੁਰਬਾਣੀ ਬਣ ਜਾਂਦੀ ਹੈ:

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ (ਅੰਗ ੭੫੯)

ਜਿਸ ਤਰ੍ਹਾਂ ਕਿਸੇ ਘਰ ਵਿਚ ਜਾਂ ਉਸਦੇ ਕਿਸੇ ਕਮਰੇ ਵਿਚ ਇਕ ਦਿਨ ਸਫਾਈ ਨਾ ਕੀਤੀ ਜਾਵੇ ਤਾਂ ਮਿੱਟੀ-ਗਰਦਾ ਜਮ੍ਹਾਂ ਹੋ ਜਾਂਦਾ ਹੈ, ਜਿਵੇਂ ਜੇ ਸਰੀਰਕ ਸ਼ੁੱਧੀ ਲਈ ਇਕ ਦਿਨ ਵੀ ਨਾਗਾ ਪਾ ਦਿੱਤਾ ਜਾਵੇ ਤਾਂ ਸਰੀਰ ਆਲਸੀ ਹੋ ਜਾਂਦਾ ਹੈ ਇਸੇ ਤਰ੍ਹਾਂ ਜੇ ਨਾਮ ਸਿਮਰਨ ਤੇ ਨਿਤਨੇਮ ਵਿਚ ਨਾਗਾ ਪੈ ਜਾਵੇ ਤਾਂ ਆਤਮਿਕ ਜੀਵਨ ਦੀ ਉੱਨਤੀ ਵਿਚ ਖੜੋਤ ਆ ਜਾਂਦੀ ਹੈ। ਨਿਤਨੇਮ ਕਰਨਾ, ਗੁਰਬਾਣੀ ਪੜ੍ਹਨੀ ਹਰ ਇਕ ਪ੍ਰਾਣੀ ਮਾਤਰ ਲਈ ਜ਼ਰੂਰੀ ਹੈ ਕਿਉਂਕਿ ਗੁਰਬਾਣੀ ਹੀ ਜੀਵਨ ਦਾ ਆਧਾਰ ਹੈ। ਇਸ ਤੋਂ ਹੀ ਗੁਰਮਤਿ ਜੀਵਨ ਦੀ ਅਗਵਾਈ ਮਿਲਦੀ ਹੈ।

ਹਰੇਕ ਜੀਵ ਸੁਖੀ ਜੀਵਨ ਲਈ ਸ਼ਾਂਤੀ ਦਾ ਚਾਹਵਾਨ ਹੈ ਪਰ ਇਸਦੀ ਪ੍ਰਾਪਤੀ ਲਈ ਨਾਮ ਸਿਮਰਨ, ਨਿਤਨੇਮ, ਬਾਣੀਆਂ ਦਾ ਪਾਠ, ਸ਼ਬਦ-ਕੀਰਤਨ ਅਤੇ ਕਥਾ ਆਦਿ ਸ੍ਰੇਸ਼ਟ ਗੁਣ ਗ੍ਰਹਿਣ ਕਰਨ ਲਈ ਉਦਮਸ਼ੀਲ ਨਹੀਂ ਹੁੰਦਾ। ਕਈ ਜੀਵ ਗੁਰਬਾਣੀ ਦਾ ਨਿਤਨੇਮ ਕਰਨ ਦੇ ਬਾਵਜੂਦ ਨਿਰਾਸ਼ਤਾ ਵਿਚ ਠੱਗੇ ਰਹਿੰਦੇ ਹਨ।

ਅਸਲ ਵਿਚ ਪਾਠ ਕਰਨਾ ਤੇ ਸੁਣਨਾ ਉਦੋਂ ਲਾਭਦਾਇਕ ਸਾਬਤ ਹੁੰਦਾ ਹੈ ਜਦੋਂ ਮਨ ਹਾਜ਼ਰ ਹੋਵੇ। ਕੇਵਲ ਸਰੀਰ ਦੀ ਹਾਜ਼ਰੀ ਨਾਲ ਕੁਝ ਨਹੀਂ ਬਣਦਾ। ਫਿਰ ਗੁਰਦੇਵ ਪਿਤਾ ਅੰਮ੍ਰਿਤ ਰੂਪ ਗੁਰਬਾਣੀ ਰਾਹੀਂ ਜੋ ਉਪਦੇਸ਼ ਬਖਸ਼ਿਸ਼ ਕਰਦੇ ਹਨ ਉਸਦੀ ਸੂਝ-ਬੂਝ ਹੋਵੇ। ਜੇ ਸੁਰਤਿ ਤੇ ਸ਼ਬਦ ਦਾ ਰਾਬਤਾ ਹੀ ਕਾਇਮ ਨਹੀਂ ਹੋਇਆ, ਤਾਂ ਜੀਵਨ ਵਿਚ ਕਲਾ ਕਿਵੇਂ ਵਰਤੇਗੀ? ਅਸੀਂ ਸਾਰੇ ਜਾਣਦੇ ਹਾਂ ਕਿ ਵਰਤਮਾਨ ਸਮੇਂ ਵਿਚ ਟੀ.ਵੀ. ਦਾ ਬੋਲ-ਬਾਲਾ ਹੈ। ਕੀ ਬੱਚੇ, ਕੀ ਬੁੱਢੇ ਕੁਝ ਵਿਰਲੇ ਗੁਰਮੁਖਾਂ ਨੂੰ ਛੱਡ ਕੇ ਸਾਰੇ ਟੀ.ਵੀ. ਸੀਰੀਅਲ ਵੇਖਣ ਦੇ ਸ਼ੌਕੀਨ ਹਨ ਅਤੇ ਬਾਕੀ ਫਾਲਤੂ ਗੱਲਾਂ ਵਿਚ ਸਮਾਂ ਅਜਾਈਂ ਗੁਆ ਰਹੇ ਹਨ। ਵਿਰਲੇ ਜਗਿਆਸੂ ਹੀ ਭੈ-ਭਾਵਨੀ ਸਹਿਤ ਗੁਰਦੁਆਰੇ ਜਾ ਕੇ ਸਤਿਸੰਗਤ ਦਾ ਅਨੰਦ ਮਾਣਦੇ ਹਨ। ਕੁਝ ਦੇਖਾ-ਦੇਖੀ ਹੀ ਜੀਵਨ-ਕ੍ਰਿਆ ਕਰਦੇ ਹਨ। ਜੇ ਉਨ੍ਹਾਂ ਕੋਲੋਂ ਪੁੱਛੀਏ ਕਿ ਅੱਜ ਅੰਮ੍ਰਿਤ ਵੇਲੇ ਕਿਹੜਾ ਹੁਕਮਨਾਮਾ ਆਇਆ ਸੀ, ਕਿਹੜਾ ਸ਼ਬਦ ਕੀਰਤਨ ਦਾ ਸੁਣਿਆ ਹੈ? ਕਥਾਵਾਚਕ ਨੇ ਕਿਹੜੇ ਸ਼ਬਦ ਦੀ ਵੀਚਾਰ ਕੀਤੀ ਹੈ ਤਾਂ ਉਹ ਕੁਝ ਵੀ ਨਹੀਂ ਦੱਸ ਸਕਦੇ। ਇਸ ਤੋਂ ਸਪਸ਼ਟ ਹੈ ਮਨੁੱਖ ਕਥਾ, ਕੀਰਤਨ, ਇਕਾਗਰਤਾ ਸਹਿਤ ਨਹੀਂ ਸੁਣਦੇ। ਦਰਅਸਲ ਅੱਜ ਮਨੁੱਖ ਬਾਣੀ ਦੀ ਟੇਕ ਛੱਡ ਕੇ ਹੋਰ ਗੋਰਖ ਧੰਦਿਆਂ ਵਿਚ ਫਸਿਆ ਹੋਇਆ ਹੈ ਜਦਕਿ ਜੀਵਨ-ਮਨੋਰਥ ਹੀ ਗੁਰਬਾਣੀ ਪੜ੍ਹਨਾ, ਸੁਣਨਾ ਤੇ ਇਸ ਨੂੰ ਅਮਲ ਵਿਚ ਲਿਆਉਣਾ ਹੈ।

ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥੧॥ (ਅੰਗ ੧੨੧੯)

ਸਾਡੇ ਪੂਰਬਲੇ ਕਰਮਾਂ ਕਰਕੇ ਸਾਡਾ ਮਨ ਬੇਕਾਬੂ ਰਹਿੰਦਾ ਹੈ। ਪਰ ਗੁਰਬਾਣੀ ਦੇ ਨਿਤਨੇਮੀ ਹੋਣ ਨਾਲ ਗੁਰੂ ਦੀ ਕਿਰਪਾ ਦੁਆਰਾ ਮਨ ਵੱਸ ਆ ਜਾਂਦਾ ਹੈ। ਗੁਰਬਾਣੀ ਪਾਠ ਵੀਚਾਰ ਦੇ ਪ੍ਰਭਾਵ ਅਧੀਨ ਮਨ ਸਹਿਜੇ-ਸਹਿਜੇ ਗੁਰਮਤਿ ਜੀਵਨ ਦੇ ਸਹੀ ਸਾਂਚੇ ਵਿਚ ਢਲ ਜਾਂਦਾ ਹੈ। ਜਿਹੜਾ ਸੁਹਿਰਦ ਸਿੱਖ ਸਤਿਗੁਰਾਂ ਦੇ ਪਾਏ ਪਵਿੱਤਰ ਪੂਰਨਿਆਂ ਉੱਤੇ ਚੱਲ ਕੇ ਜੀਵਨ ਸੰਭਾਲਣ ਹਿਤ ਪਹਿਰਾ ਦਿੰਦਾ ਹੈ ਉਸ ਦੇ ਜੀਵਨ ਵਿਚ ਅਜਿਹਾ ਪਲਟਾ ਆਉਂਦਾ ਹੈ ਜਿਸ ਨਾਲ ਇਕ ਦਿਨ ਉਹ ਖਰਾ ਹੋ ਨਿੱਬੜਦਾ ਹੈ:

ਸਤਿਗੁਰਿ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥ (ਅੰਗ ੧੪੩)

ਇਸ ਲਈ ਆਓ! "ਗੁਰ ਸਿਖਾ ਇਕੋ ਪਿਆਰੁ, ਗੁਰ ਮਿਤਾ ਪੁਤਾ ਭਾਈਆ" ਵਾਲੀ ਵੀਚਾਰ ਨੂੰ ਮੁੱਖ ਰੱਖਦੇ ਹੋਏ ਅਸੀਂ ਵੀ ਸਤਿਸੰਗਤ ਕਰੀਏ, ਆਪ ਨਾਮ ਜਪੀਏ, ਹੋਰ ਸੰਗੀ ਸਾਥੀਆਂ ਨੂੰ ਜਪਾਉਂਦੇ ਹੋਏ ਇਕ ਲੜੀ ਵਿਚ ਪ੍ਰੋਤੇ ਜਾਈਏ।

ਜੇ ਅਸੀਂ ਮਨ ਦੀਆਂ ਸਮੂਹ ਪ੍ਰੇਸ਼ਾਨੀਆਂ ਦੁੱਖਾਂ-ਕਲੇਸ਼ਾਂ ਤੋਂ ਬਚਣਾ ਚਾਹੁੰਦੇ ਹਾਂ, ਮਨੁੱਖਾ ਜੀਵਨ ਦਾ ਅਖੁੱਟ ਲਾਭ ਖੱਟਣਾ ਚਾਹੁੰਦੇ ਹਾਂ ਤਾਂ ਭਗਤ ਕਬੀਰ ਜੀ ਦੇ ਇਹ ਬਚਨ ਪੱਲੇ ਬੰਨ੍ਹ ਲਈਏ:

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ (ਅੰਗ ੭੨੭)



ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ




ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ

## ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ

